ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 231

Daily Newspaper Monday, December 03, 2018 Tel: 905-793-2202 Fax: 905-793-2282 news@punjabipost.ca

Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

# ਨਾਫਟਾ ਨੂੰ ਰੱਦ ਕਰਵਾਉਣ ਲਈ ਕਾਂਗਰਸ ’ਤੇ ਦਬਾਅ ਪਾਉਣਗੇ ਟਰੰਪ

ਵਾਸ਼ਿੰਗਟਨ, 2 ਦਸੰਬਰ (ਪੋਸਟ ਬਿਊਰੋ) : ਇੱਕ ਵਾਰੀ ਫਿਰ ਅਸਲੀ ਨਾਫਟਾ ਡੀਲ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੀ ਹਿੱਟ ਲਿਸਟ ਉੱਤੇ ਆ ਗਈ ਹੈ। ਟਰੰਪ ਦਾ ਕਹਿਣਾ ਹੈ ਕਿ ਇਸ 24 ਸਾਲ ਪੁਰਾਣੀ ਨਾਫਟਾ ਡੀਲ ਨੂੰ ਖਤਮ ਕਰਵਾਉਣ ਲਈ ਉਹ ਕਾਂਗਰਸ ਉੱਤੇ ਦਬਾਅ ਪਾਉਣਗੇ।



ਸ਼ੁੱਕਰਵਾਰ ਨੂੰ ਅਰਜਨਟੀਨਾ ਵਿੱਚ ਜੀ-20 ਸਿਖਰ ਵਾਰਤਾ ਦੌਰਾਨ ਇੱਕ ਵੱਖਰੇ ਸਮਾਰੋਹ ਵਿੱਚ ਟਰੰਪ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਮੈਕਸਿਕੋ ਦੇ ਸਾਬਕਾ ਰਾਸ਼ਟਰਪਤੀ ਐਨਰਿਕ ਪਿਏਨਾ ਨਿਏਟੋ ਨੇ ਨਵੇਂ ਯੂਐਸ-ਕੈਨੇਡਾ-ਮੈਕਸਿਕੋ (ਯੂਐਸਐਮਸੀਏ) ਸਮਝੌਤੇ ਉੱਤੇ ਦਸਤਖ਼ਤ ਕੀਤੇ। ਹਾਲਾਂਕਿ ਓਟਵਾ ਸਥਿਤ ਫੈਡਰਲ ਸਰਕਾਰ ਨੇ ਇਸ ਡੀਲ ਦਾ ਨਾਂ ਸੀਯੂਐਸਐਮਏ ਕਰ ਦਿੱਤਾ।

ਇਸ ਮਗਰੋਂ ਸ਼ਨਿੱਚਰਵਾਰ ਨੂੰ ਵਾਸ਼ਿੰਗਟਨ ਪਰਤਦੇ ਸਮੇਂ ਟਰੰਪ ਨੇ ਏਅਰ ਫੋਰਸ ਵੰਨ ਵਿੱਚ ਇਹ ਐਲਾਨ ਕੀਤਾ ਕਿ ਉਹ ਜਲਦ ਹੀ ਨਾਫਟਾ ਨੂੰ ਰਸਮੀ ਤੌਰ ਉੱਤੇ ਖਤਮ ਕਰਵਾਉਣਗੇ ਤੇ ਇਸ ਲਈ ਕਾਂਗਰਸ ਉੱਤੇ ਦਬਾਅ ਵੀ ਪਾਉਣਗੇ। ਉਨ੍ਹਾਂ ਇਹ ਵੀ ਆਖਿਆ ਕਿ ਉਹ ਜਲਦ ਹੀ ਨਾਫਟਾ ਡੀਲ ਨੂੰ ਖਤਮ ਕਰਵਾ ਕੇ ਹੀ ਸਾਹ ਲੈਣਗੇ। ਉਨ੍ਹਾਂ ਆਖਿਆ ਕਿ ਨਾਫਟਾ ਅਮਰੀਕਾ ਲਈ ਬਹੁਤੀ ਕਾਰਗਰ ਡੀਲ ਨਹੀਂ ਰਹੀ। ਇਸ ਕਾਰਨ ਸਾਡੇ ਦੇਸ਼ ਵਿੱਚ ਬੇਰੋਜ਼ਗਾਰੀ ਤੇ ਕੰਪਨੀਆਂ ਨੂੰ ਕਈ ਤਰ੍ਹਾਂ ਦਾ ਘਾਟਾ ਪਿਆ।

ਉਨ੍ਹਾਂ ਆਖਿਆ ਕਿ ਕਾਂਗਰਸ ਨੂੰ ਜਾਂ ਤਾਂ ਯੂਐਸਐਮਸੀਏ ਨੂੰ ਚੁਣਨਾ ਹੋਵੇਗਾ ਤੇ ਜਾਂ ਫਿਰ ਨਾਫਟਾ ਤੋਂ ਪਹਿਲਾਂ ਵਾਲੇ ਦੌਰ ਨਾਲ ਹੀ ਰਹਿਣਾ ਹੋਵੇਗਾ। ਦੂਜੇ ਪਾਸੇ ਇਸ ਸਮੇਂ ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਵਿੱਚ ਬਹੁਗਿਣਤੀ ਦਾ ਆਨੰਦ ਮਾਣ ਰਹੇ ਡੈਮੋਕ੍ਰੈਟਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨਵੀਂ ਡੀਲ ਬਹੁਤੀ ਪਸੰਦ ਨਹੀਂ ਆਈ ਤੇ ਉਹ ਇਸ ਦਾ ਸਮਰਥਨ ਵੀ ਨਹੀਂ ਕਰਨਗੇ। ਕੁੱਝ ਕੁ ਰਿਪਬਲਿਕਨਾਂ ਦਾ ਵੀ ਇਹੋ ਆਖਣਾ ਹੈ ਕਿ ਉਹ ਇਸ ਨਵੀਂ ਡੀਲ ਨੂੰ ਮੌਜੂਦਾ ਰੂਪ ਵਿੱਚ ਸਵੀਕਾਰ ਨਹੀਂ ਕਰਨਗੇ।

# ਰਾਜ ਗਰੇਵਾਲ ਲਿਬਰਲ ਕਾਕਸ ਤੋਂ ਬਾਹਰ, ਪਰ ਐਮਪੀ ਬਣੇ ਰਹਿਣਗੇ



ਓਟਵਾ, 2 ਦਸੰਬਰ (ਪੋਸਟ ਬਿਊਰੋ) : ਇੱਕ ਹਫਤੇ ਪਹਿਲਾਂ ਨਿਜੀ ਤੇ ਮੈਡੀਕਲ ਕਾਰਨਾਂ ਕਰਕੇ ਲਿਬਰਲ ਪਾਰਟੀ ਤੋਂ ਅਸਤੀਫਾ ਦੇਣ ਵਾਲੇ ਐਮਪੀ ਰਾਜ ਗਰੇਵਾਲ ਨੂੰ ਭਾਵੇਂ ਲਿਬਰਲ ਕਾਕਸ ਤੋਂ ਕੱਢ ਦਿੱਤਾ ਗਿਆ ਹੋਵੇ ਪਰ ਉਨ੍ਹਾਂ ਸਪਸ਼ਟ ਕੀਤਾ ਹੈ ਕਿ ਉਹ ਐਮਪੀ ਬਣੇ ਰਹਿਣਗੇ।

ਬੀਤੇ ਦਿਨੀਂ ਫੇਸਬੁੱਕ ਉੱਤੇ ਪੋਸਟ ਕੀਤੀ ਆਪਣੀ 11 ਮਿੰਟ ਦੀ ਵੀਡੀਓ ਵਿੱਚ ਗਰੇਵਾਲ ਨੇ ਜਨਤਕ ਤੌਰ ਉੱਤੇ ਇਹ ਆਖਿਆ ਕਿ ਜੂਏ ਦੀ ਲਤ ਕਾਰਨ ਚੜ੍ਹੇ ਕਰਜ਼ੇ ਵਿੱਚੋਂ ਉਨ੍ਹਾਂ ਕਈ ਮਿਲੀਅਨ ਡਾਲਰ ਦਾ ਕਰਜ਼ਾ ਉਤਾਰ ਦਿੱਤਾ ਹੈ ਤੇ ਉਹ ਲਿਬਰਲ ਕਾਕਸ ਵੀ ਛੱਡ ਰਹੇ ਹਨ ਪਰ ਉਨ੍ਹਾਂ ਇਹ ਵੀ ਆਖਿਆ ਕਿ ਉਹ ਬਰੈਂਪਟਨ ਈਸਟ ਤੋਂ ਐਮਪੀ ਬਣੇ ਰਹਿਣਗੇ। ਉਨ੍ਹਾਂ ਇਹ ਵੀ ਆਖਿਆ ਕਿ ਉਹ ਆਪਣੀ ਇਸ ਲਤ ਦਾ ਇਲਾਜ ਕਰਵਾਉਣਾ ਚਾਹੁੰਦੇ ਹਨ।

ਗਰੇਵਾਲ ਨੇ ਖੁਲਾਸਾ ਕੀਤਾ ਕਿ ਜੂਏ ਦੀ ਲਤ ਕਾਰਨ ਤਿੰਨ ਸਾਲਾਂ ਦੇ ਅਰਸੇ ਦੌਰਾਨ ਉਨ੍ਹਾਂ ਦੇ ਸਿਰ ਕਈ ਮਿਲੀਅਨ ਡਾਲਰ ਦਾ ਕਰਜ਼ਾ ਚੜ੍ਹ ਗਿਆ ਸੀ। ਉਨ੍ਹਾਂ ਆਖਿਆ ਕਿ ਮਾਨਸਿਕ ਸਿਹਤ ਦੇ ਮੁੱਦਿਆਂ ਨਾਲ ਜੂਝ ਰਹੇ ਹੋਰਨਾਂ ਲੋਕਾਂ ਵਾਂਗ ਹੀ ਉਨ੍ਹਾਂ ਨੇ ਵੀ ਆਪਣੇ ਇਸ ਝੱਸ ਨੂੰ ਪੂਰਾ ਕਰਨ ਲਈ ਆਪਣੇ ਦੋਸਤਾਂ ਤੇ ਪਰਿਵਾਰ ਤੋਂ ਪੈਸੇ ਉਧਾਰੇ ਲੈ ਕੇ ਜੂਆ ਖੇਡਣਾਂ ਜਾਰੀ ਰੱਖਿਆ। ਉਨ੍ਹਾਂ ਆਖਿਆ ਕਿ ਜੇ ਕਿਸੇ ਨੇ ਉਨ੍ਹਾਂ ਨੂੰ ਪੈਸੇ ਉਧਾਰੇ ਦਿੱਤੇ ਵੀ ਸਨ ਤਾਂ ਉਹ ਚੈੱਕ ਰਾਹੀਂ ਅਦਾ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਇਹ ਸਾਰਾ ਕਰਜ਼ਾ ਮੋੜ ਦਿੱਤਾ ਹੈ ਤੇ ਹਰ ਕਰਜ਼ੇ ਦੀ ਅਦਾਇਗੀ ਬੜੇ ਹੀ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਤੇ ਇਸ ਨੂੰ ਟਰੇਸ ਵੀ ਕੀਤਾ ਜਾ ਸਕਦਾ ਹੈ। ਸ਼ੁੱਕਰਵਾਰ ਨੂੰ ਦਿੱਤੇ ਆਪਣੇ ਇਸ ਬਿਆਨ ਵਿੱਚ ਗਰੇਵਾਲ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੇ ਆਪਣੇ ਵਿੱਤੀ ਮੁੱਦਿਆਂ ਤੇ ਜੂਏ ਦੀ ਸਮੱਸਿਆ ਤੋਂ ਪ੍ਰਧਾਨ ਮੰਤਰੀ ਦੇ ਆਫਿਸ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਦੀ ਜਾਣਕਾਰੀ ਮਿਲਣ ਤੋਂ ਕਿਤੇ ਪਹਿਲਾਂ ਜਾਣੂ ਕਰਵਾ ਦਿੱਤਾ ਸੀ। ...ਬਾਕੀ ਪੰਨਾ 4 ’ਤੇ

# ਪਾਕਿਸਤਾਨੀ ਭਾਈਚਾਰੇ ਨੇ ਡਿਕਸੀ ਗੁਰੂਘਰ ਵਿਖੇ ਕੀਤੀਆਂ ਕਰਤਾਰਪੁਰ ਲਾਂਘੇ ਦੀਆਂ ਖੁਸ਼ੀਆਂ ਸਾਂਝੀਆਂ



ਮਿਸੀਸਾਗਾ ਪੋਸਟ ਬਿਊਰੋ: ਪਾਕਿਸਤਾਨ ਦੀ ਸੱਤਾਧਾਰੀ ਪਾਰਟੀ ‘ਪਾਕਿਸਤਾਨ ਤਹਿਰੀਕ ਏ ਇਨਸਾਫ਼’ (ਪੀ ਟੀ ਆਈ) ਦੀ ਮਿਸੀਸਾਗਾ ਇਕਾਈ ਦੇ ਅਹੁਦੇਦਾਰਾਂ ਨੇ ਵੀਕਐਂਡ ਉੱਤੇ ਡਿਕਸੀ ਗੁਰਦੁਆਰਾ ਵਿਖੇ ਆ ਕੇ ਕਰਤਾਰਪੁਰ ਲਾਂਘਾ ਖੁੱਲਣ ਦੀਆਂ ਖੁਸ਼ੀਆਂ ਸਿੱਖ ਭਾਈਚਾਰੇ ਨਾਲ ਸਾਂਝੀਆਂ ਕੀਤੀਆਂ। ਜਨਾਬ ਰਿਆਜ਼ ਚੌਧਰੀ ਅਤੇ ਰਾਣਾ ਸਾਹਿਬ ਦੀ ਅਗਵਾਈ ਵਿੱਚ 25 ਤੋਂ 30 ਮੈਂਬਰਾਂ ਦਾ ਗਰੁੱਪ ਮਿਠਿਆਈਆਂ, ਕੇਕ, ਗੁਲਦਸਤਿਆਂ ਅਤੇ ਰੰਗ ਬਿਰੰਗੇ ਝੰਡੇ ਲੈ ਕੇ ਗੁਰਦੁਆਰਾ ਸਾਹਿਬ ਪੁੱਜਾ। ਗੁਰਪ੍ਰੀਤ ਸਿੰਘ ਬੱਲ, ਭੁਪਿੰਦਰ ਸਿੰਘ ਦੂਲੇ ਅਤੇ ਹੋਰ ਸਿੱਖ ਆਗੂਆਂ/ਗੁਦੁਰਆਰਾ ਸਾਹਿਬ ਦੇ ਅਹੁਦੇਦਾਰਾਂ ਨੇ ਆਏ ਮਹਿਮਾਨਾਂ ਦੇ ਵਫ਼ਦ ਦਾ ਨਿੱਘਾ ਸੁਆਗਤ ਕੀਤਾ।

ਇਸ ਮੌਕੇ ਬੋਲਦੇ ਹੋਏ ‘ਪਾਕਿਸਤਾਨ ਤਹਿਰੀਕ ਏ ਇਨਸਾਫ਼’ ਦੇ ਬੁਲਾਰਿਆਂ ਨੇ ਕਿਹਾ ਕਿ ਅਸੀਂ ਸਿੱਖ ਭਾਈਚਾਰੇ ਵਾਸਤੇ ਪਰੇਮ ਮੁੱਹਬਤ ਦਾ ਸੁਨੇਹਾ ਲੈ ਕੇ ਹਾਜ਼ਰ ਹੋਏ ਹਾਂ। ਉਹਨਾਂ ਕਿਹਾ ਕਿ ਮਹਿਜ਼ ਦੋ ਕਿਲੋਮੀਟਰ ਦੀ ਵਿੱਥ ਦੀ ਦੂਰੀ ਚੱਲ ਕੇ ਆਪਣੇ ਗੁਰੂ ਦੇ ਸਥਾਨ ਉੱਤੇ ਨਾ ਪੁੱਜ ਸੱਕਣ ਦੇ ਸਿੱਖ ਭਾਈਚਾਰੇ ਦੇ ਦਰਦ ਨੂੰ ਉਹ ਬਾਖੂਬੀ ਸਮਝ ਸਕਦੇ ਹਨ। ਵਫ਼ਦ ਨੇ ਮਹਿਸੂਸ ਕੀਤਾ ਕਿ ਸਿੱਖਾਂ ਲਈ ਇਹ ਜੁਦਾਈ ਬਿਲਕੁਲ ਉਵੇਂ ਹੈ ਜਿਵੇਂ ਮੁਸਲਮਾਨ ਭਾਈਚਾਰੇ ਨੂੰ ਮਦੀਨਾ ਦੀ ਜਿਆਰਤ ਤੋਂ ਵਾਂਝਿਆ ਰੱਖਿਆ ਜਾਵੇ। ...ਬਾਕੀ ਪੰਨਾ 3 ’ਤੇ

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨੀਂਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO | BUSINESS | TRUCKING | R.E.S.P | COMMERCIAL
CONNEX Insurance Brokers Ltd.
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination 5yrs follow you up Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration • Real Estate
Family Law • Business Closing
Corporate • Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ASIAN FOOD CENTRE



SERVING FROM 10 LOCATIONS
IN ALL THE GTA AREA:



1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109

## NEED A LAWYER ??

Red Seal NOTARY

## KAUR LAW OFFICE



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਮੂੰਹੋ ਬੋਲਦੀ ਦੀ Kitchen and Washroom ਬਣਵਾਓ

## Pearson
Kitchen & Cabinet

Free Estimate
We Specialize in granite, quartz & marble countertops

100% Satisfaction
On Time





**We Specialize In:**
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

## Dr. Randhawa Dentistry



*Your own dentist who really cares for you*

**We Provide the following Services:**
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**Dr. Samreet Kaur Randhawa**
General Family Dentist

New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




## SimConnect
FREIGHT MANAGEMENT

## HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles



Company Drivers :
Solo/Team : upto .65 Cents Per Mile

Sim Connect Freight Management

24 Hrs Dispatch

Ph: (905)915-1805/(905)799-8822

3380 Airway Dr Mississauga Ontario L4T1V3

## ਅੱਜ ਨਾਮਾ

ਕਿਹਾ ਹੈ ਸਿੱਧਾ ਟਕਸਾਲੀ ਅਕਾਲੀਆਂ ਜੀ,
ਪਾਰਟੀ ਨਵੀਂ ਇੱਕ ਖੜੀ ਹਾਂ ਕਰਨ ਲੱਗੇ।
ਕਬਜ਼ਾ ਕਰਿਆ ਜਵਾਕਾਂ ਪਿਆ ਪੰਥ ਉੱਤੇ,
ਹੁੰਦੀ ਏਨੀ ਬੇ-ਰੋਅਬੀ ਨਹੀਂ ਜਰਨ ਲੱਗੇ।
ਬਾਗੀਆਂ ਪਾਂਵਦੇ ਕਾਕੇ ਆਹ ਬਣੇ ਆਗੂ,
ਅਸੀਂ ਇਨ੍ਹਾਂ ਦੇ ਕੋਲੋਂ ਨਹੀਂ ਡਰਨ ਲੱਗੇ।
ਟਾਕਰਾ ਕਰਨ ਨੂੰ ਅਸੀਂ ਹੁੜਦੰਗੀਆਂ ਦਾ,
ਨਵੇਂ ਪਿੰਡ ਲਈ ਮੋਹੜੀ ਆਂ ਧਰਨ ਲੱਗੇ।
ਕੀਤੀ ਪਹੁੰਚ ਹੈ ਖਹਿਰੇ ਸੁਖਪਾਲ ਤੀਕਰ,
ਬੈਂਸਾਂ ਤੀਕਰ ਗਈ ਬਾਤ ਪੁਚਾਈ ਹੈ ਜੀ।
ਤਿੰਨਾਂ-ਚਹੁੰਆਂ ਵੱਲ ਹੋਰ ਹਨ ਫੋਨ ਕੀਤੇ,
ਲੈ ਲਈ ਉਨ੍ਹਾਂ ਨੇ ਸਾਂਝ ਦੀ ਸਾਈ ਹੈ ਜੀ।

ਤੀਸ ਮਾਰ ਖਾਂ

# ਕਾਲੇ ਧਨ ਦੇ ਵੇਰਵੇ ਦੇਣ ਲਈ ਸਵਿਟਜ਼ਰਲੈਂਡ ਨੇ ਸਹਿਮਤੀ ਦਿੱਤੀ

*** ਦੋ ਕੰਪਨੀਆਂ ਅਤੇ ਤਿੰਨ ਵਿਅਕਤੀਆਂ ਦੇ ਵੇਰਵੇ ਜਾਰੀ ਹੋਣ ਲੱਗੇ**



ਬਰਨ, 2 ਦਸੰਬਰ, (ਪੋਸਟ ਬਿਊਰੋ)- ਕਾਲੇ ਧਨ ਵਾਲਿਆਂ ਲਈ ਸੁਰੱਖਿਅਤ ਅੱਡਾ ਮੰਨੇ ਜਾਂਦੇ ਸਵਿਟਜ਼ਰਲੈਂਡ ਨੇ ਭਾਰਤ ਦੀਆਂ ਦੋ ਕੰਪਨੀਆਂ ਤੇ ਤਿੰਨ ਵਿਅਕਤੀਆਂ ਦੇ ਵੇਰਵੇ ਦੇਣ ਨੂੰ ਸਹਿਮਤੀ ਦੇ ਦਿੱਤੀ ਹੈ, ਜਿਨ੍ਹਾਂ ਖ਼ਿਲਾਫ਼ ਭਾਰਤ ਵਿਚ ਕਈ ਤਰ੍ਹਾਂ ਦੀ ਜਾਂਚ ਚੱਲ ਰਹੀ ਹੈ। ਇਨ੍ਹਾਂ ਵਿੱਚੋਂ ਇਕ ਕੰਪਨੀ ਜਨਤਕ ਤੌਰ 'ਤੇ ਲਿਸਟਿਡ ਹੈ ਅਤੇ ਵੱਖ ਵੱਖ ਉਲੰਘਣਾਵਾਂ ਕਰ ਕੇ ਸ਼ੇਅਰ ਬਾਜ਼ਾਰ ਦੇ ਰੈਗੂਲੇਟਰ 'ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ' (ਸੇਬੀ) ਨੇ ਇਸ ਦੀ ਖਿਚਾਈ ਕੀਤੀ ਹੈ। ਦੂਸਰੀ ਕੰਪਨੀ ਦੇ ਤਾਮਿਲ ਨਾਡੂ ਦੇ ਲੀਡਰਾਂ ਨਾਲ ਸਿਆਸੀ ਸੰਪਰਕ ਦੱਸੇ ਜਾਂਦੇ ਹਨ।

ਇਸ ਸੰਬੰਧ ਵਿੱਚ ਸਵਿਸ ਸਰਕਾਰ ਵਲੋਂ ਜਾਰੀ ਕੀਤੇ ਗਏ ਵੱਖੋ ਵੱਖਰੇ ਗਜ਼ਟ ਨੋਟੀਫਿਕੇਸ਼ਨਾਂ ਵਿਚ ਉਸ ਦੇਸ਼ ਦੇ ਫੈਡਰਲ ਟੈਕਸ ਵਿਭਾਗ ਨੇ ਜੀਓਡੈਸਿਕ ਲਿਮਟਿਡ ਅਤੇ ਆਦੀ ਐਂਟਰਪ੍ਰਾਈਜਿਜ਼ ਪ੍ਰਾਈਵੇਟ ਲਿਮਟਿਡ ਬਾਰੇ ਭਾਰਤ ਵੱਲੋਂ ਕੀਤੀਆਂ ਬੇਨਤੀਆਂ ਉੱਤੇ ਪ੍ਰਸ਼ਾਸਕੀ ਮਦਦ ਦੇਣ ਦੀ ਹਾਮੀ ਭਰੀ ਹੈ। ਜੀਓਡੈਸਿਕ ਲਿਮਟਿਡ ਨਾਲ ਜੁੜਦੇ ਤਿੰਨ ਜਣਿਆਂ: ਪੰਕਜ ਕੁਮਾਰ ਓਂਕਾਰ ਸ੍ਰੀਵਾਸਤਵ, ਪ੍ਰਸ਼ਾਂਤ ਸ਼ਰਦ ਮੁਲੇਕਰ ਤੇ ਕਿਰਨ ਕੁਲਕਰਨੀ ਬਾਰੇ ਵੀ ਸੂਚਨਾ ਦੇਣ ਦੀ ਸਹਿਮਤੀ ਪ੍ਰਗਟਾਈ ਗਈ ਹੈ। ਉਂਜ ਸਵਿਸ ਸਰਕਾਰ ਨੇ ਭਾਰਤੀ ਅਧਿਕਾਰੀਆਂ ਵਲੋਂ ਦੋਵੇਂ ਕੰਪਨੀਆਂ ਤੇ ਤਿੰਨ ਵਿਅਕਤੀਆਂ ਬਾਰੇ ਮੰਗੀਆਂ ਸੂਚਨਾਵਾਂ ਦੇ ਵੇਰਵੇ ਜਾਰੀ ਨਹੀਂ ਕੀਤੇ, ਪਰ ਆਮ ਤੌਰ 'ਤੇ ਪ੍ਰਸ਼ਾਸਕੀ ਮਦਦ ਹੇਠ ਵਿੱਤੀ ਅਤੇ ਟੈਕਸ ਗੜਬੜ ਨਾਲ ਸਬੰਧਤ ਬੈਂਕ ਖਾਤੇ ਦੇ ਵੇਰਵੇ ਤੇ ਹੋਰ ਵਿੱਤੀ ਅੰਕੜੇ ਮੰਗੇ ਜਾਂਦੇ ਹਨ।

ਭਾਰਤ ਦੀਆਂ ਇਹ ਕੰਪਨੀਆਂ ਤੇ ਵਿਅਕਤੀ ਸਵਿਟਜ਼ਰਲੈਂਡ ਦੇ ਫੈਡਰਲ ਟੈਕਸ ਐਡਮਿਨਿਸਟ੍ਰੇਸ਼ਨ ਐਫ ਟੀ ਏ ਦੇ ਫ਼ੈਸਲੇ ਖਿਲਾਫ਼ ਅਪੀਲ ਕਰ ਸਕਦੇ ਹਨ। ਬੀਤੇ ਸਮੇਂ ਵਿੱਚ ਇਹ ਕੰਪਨੀਆਂ ਹਰ ਕਿਸਮ ਦੀ ਗੜਬੜ ਨੂੰ ਰੱਦ ਕਰਦੀਆਂ ਰਹੀਆਂ ਹਨ। ਸਾਲ 1982 ਵਿਚ ਬਣਾਈ ਗਈ ਜੀਓਡੈਸਿਕ, ਜੋ ਕਦੇ ਤੇਜੀ ਨਾਲ ਵਿਕਾਸ ਕਰਨ ਵਾਲੀ ਅਤੇ ਉਚ ਪਾਏ ਦੀ ਆਈ ਟੀ ਟੈਕਨੀਕ ਦਾ ਬਦਲ ਪੇਸ਼ ਕਰਨ ਵਾਲੀ ਕੰਪਨੀ ਵਜੋਂ ਜਾਣੀ ਜਾਂਦੀ ਸੀ, ਦੀ ਵੈੱਬਸਾਈਟ ਵੀ ਅੱਜ ਕੱਲ੍ਹ ਕੰਮ ਨਹੀਂ ਕਰ ਰਹੀ ਅਤੇ ਰਸਮੀ ਤੌਰ 'ਤੇ ਸ਼ੇਅਰ ਬਾਜ਼ਾਰ ਵਿਚ ਇਸ ਦਾ ਬਿਜ਼ਨਿਸ ਸਸਪੈਂਡ ਕੀਤਾ ਗਿਆ ਹੈ। ਇਸ ਕੰਪਨੀ ਤੇ ਇਸ ਦੇ ਡਾਇਰੈਕਟਰਾਂ ਨੂੰ ਸੇਬੀ ਦੀ ਕਾਰਵਾਈ ਤੋਂ ਇਲਾਵਾ ਇਨਫੋਰਸਮੈਂਟ ਡਾਇਰੈਕਟੋਰੇਟ ਤੇ ਮੁੰਬਈ ਪੁਲੀਸ ਦੀ ਆਰਥਿਕ ਜੁਰਮ ਸ਼ਾਖਾ ਦੀ ਜਾਂਚ ਵੀ ਭੁਗਤਣੀ ਪੈ ਰਹੀ ਹੈ। ਸਟਾਕ ਐਕਸਚੇਂਜ ਵਿਚ ਕੰਪਨੀ ਦੇ ਵੇਰਵੇ ਮੁਤਾਬਕ ਪੰਕਜ ਕੁਮਾਰ ਜੀਓਡੈਸਿਕ ਦਾ ਚੇਅਰਮੈਨ, ਕਿਰਨ ਕੁਲਕਰਨੀ ਮੈਨੇਜਿੰਗ ਡਾਇਰੈਕਟਰ ਤੇ ਪ੍ਰਸ਼ਾਂਤ ਮੁਲੇਕਰ ਐਗਜ਼ੈਕਟਿਵ ਡਾਇਰੈਕਟਰ ਹੈ। ਦੂਸਰੀ ਆਦੀ ਐਂਟਰਪ੍ਰਾਈਜ਼ਜ਼ ਪ੍ਰਾਈਵੇਟ ਲਿਮਟਿਡ ਨਵੰਬਰ 2014 ਵਿਚ ਚੇਨਈ ਵਿਚ ਬਣਾਈ ਗਈ ਸੀ ਤੇ ਇਸ ਨੇ ਰੀਅਲ ਅਸਟੇਟ ਅਤੇ ਹੋਰ ਧੰਦਿਆਂ ਵਿਚ ਕਾਫੀ ਚੜ੍ਹਾਈ ਕੀਤੀ ਸੀ ਪਰ ਜਲਦੀ ਹੀ ਇਸ ਦੇ ਕੁਝ ਦਾਗ਼ੀ ਸਿਆ-ਸਤਦਾਨਾਂ ਨਾਲ ਸਬੰਧ ਹੋਣ ਅਤੇ ਮਨੀ ਲਾਂਡਰਿੰਗ ਧੰਦੇ ਨਾਲ ਜੁੜੇ ਹੋਣ ਦੇ ਖੁਲਾਸੇ ਹੋ ਗਏ। ਰਿਪੋਰਟਾਂ ਮੁਤਾਬਕ ਆਮਦਨ ਟੈਕਸ ਵਿਭਾਗ ਨੇ ਕੰਪਨੀ ਦੇ ਪ੍ਰੋਮੋਟਰਾਂ ਦੇ ਟਿਕਾਣਿਆਂ ਉੱਤੇ ਛਾਪੇ ਮਾਰੇ ਸਨ।

## ਪਾਕਿਸਤਾਨੀ ਭਾਈਚਾਰੇ ਨੇ ਡਿਕਸੀ ਗੁਰੂਘਰ ਵਿਖੇ ਕੀਤੀਆਂ ਕਰਤਾਰਪੁਰ ਲਾਂਘੇ ਦੀਆਂ ਖੁਸ਼ੀਆਂ ਸਾਂਝੀਆਂ



...ਪੰਨਾ 1 ਦਾ ਬਾਕੀ

ਵਰਨਣਯੋਗ ਹੈ ਕਿ ਮਦੀਨਾ ਸ਼ਹਿਰ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੀ ਮਸਜਦ ਹੈ ਜਿੱਥੇ ਉਹਨਾਂ ਦੀਆਂ ਆਖਰੀ ਰਸਮਾਂ ਨਿਭਾਈਆਂ ਗਈਆਂ ਸਨ। ਬੁਲਾਰਿਆਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਕੀਤੇ ਗਏ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਮੌਕੇ ਵਫ਼ਦ ਦੇ ਆਗੂਆਂ ਨੂੰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਭਲਿੰਦਰ ਸਿੰਘ ਜੀ ਵੱਲੋਂ ਸਿਰੋਪਾਓ ਪੇਸ਼ ਕਰਕੇ ਸਨਮਾਨ ਕੀਤਾ ਗਿਆ। ਵਫ਼ਦ ਵਿੱਚ ਦੋ ਔਰਤ ਆਗੂ ਸ਼ਾਮਲ ਸਨ ਜਿਹਨਾਂ ਨੇ ਸਮੁੱਚੀ ਕਾਰਵਾਈ ਦੌਰਾਨ ਸਰਗਰਮ ਰੋਲ ਅਦਾ ਕੀਤਾ।

## ਰਸਮੀ ਤੌਰ ਉੱਤੇ ਵਿਆਹੇ ਗਏ ਪ੍ਰਿਅੰਕਾ ਅਤੇ ਨਿੱਕ, ਰੰਗਾ-ਰੰਗ ਰਹੀ ਪਾਰਟੀ



ਜੋਧਪੁਰ, 2 ਦਸੰਬਰ, (ਪੋਸਟ ਬਿਊਰੋ)- ਅਭਿਨੇਤਰੀ ਪ੍ਰਿਅੰਕਾ ਚੋਪੜਾ ਤੇ ਗਾਇਕ ਨਿਕ ਜੋਨਜ਼ ਅੱਜ ਇਥੇ ਹਿੰਦੂ ਰਸਮਾਂ ਅਨੁਸ-ਾਰ ਫੇਰੇ ਲੈਣ ਨਾਲ ਬਾਕਾਇਦਾ ਤੌਰ ਉੱਤੇ ਵਿਆਹੇ ਗਏ। ਇਸ ਤੋਂ ਪਹਿਲਾਂ ਆਏ ਮਹਿਮਾਨਾਂ ਅੱਗੇ ਉਨ੍ਹਾਂ ਦੋਵਾਂ ਨੇ ਲਾਈਵ ਪਰਫਾਰਮੈਂਸ ਦਿੱਤੀ ਅਤੇ ਮਹਿਮਾਨਾਂ ਤੇ ਰਿਸ਼ਤੇਦਾਰਾਂ ਨੇ ਵੀ ਖੁੱਲ੍ਹਾ ਡਾਂਸ ਕੀਤਾ।

ਪ੍ਰਿਅੰਕਾ ਚੋਪੜਾ ਨੇ ਕਿਹਾ ਕਿ ਇਹ ਸੰਗੀਤਕ ਸ਼ਾਮ ਉਨ੍ਹਾਂ ਲਈ ਨਵੀਂ ਜ਼ਿੰਦਗੀ ਦੀ ਬਿਹਤਰੀਨ ਸ਼ੁਰੂਆਤ ਮੌਕੇ ਵਿਸ਼ੇਸ਼ ਰਹੀ ਹੈ। ਮਹਿੰਦੀ ਦੀ ਰਸਮ ਦੀਆਂ ਫੋਟੋ ਸ਼ੇਅਰ ਕਰਦਿਆਂ ਪ੍ਰਿਅੰਕਾ ਨੇ ਮਸਤੀ ਨਾਲ ਭਰੇ ਸੰਗੀਤ ਸਮਾਰੋਹ ਦੀਆਂ ਫੋਟੋ ਦਿਖਾਈਆਂ। ਉਸ ਨੇ ਕਿਹਾ ਕਿ ਐਤਵਾਰ ਸ਼ਾਮ ਉਨ੍ਹਾਂ ਦੋਵਾਂ ਲਈ ਬੇਹੱਦ ਖਾਸ ਸੀ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਉਨ੍ਹਾਂ ਦੋਵਾਂ ਲਈ ਖਾਸ ਡਾਂਸ ਪਰਫਾਮੈਂਸ ਦਿੱਤੀ। ਇਹ ਸਮਾਰੋਹ ਦੋਵਾਂ ਪਰਿਵਾਰਾਂ ਦੇ ਵਿਚ ਸੰਗੀਤ ਮੁਕਾਬਲੇ ਵਾਂਗ ਜ਼ਬਰਦਸਤ ਢੰਗ ਨਾਲ ਸ਼ੁਰੂ ਹੋਇਆ ਤੇ ਪਿਆਰ ਭਰਿਆ ਰਿਹਾ। ਉਸ ਨੇ ਕਿਹਾ ਕਿ 'ਨਿਕ ਤੇ ਮੈਂ ਸ਼ਾਦੀ ਤੋਂ ਪਹਿਲਾਂ ਇੱਕ ਹੋਰ ਰਸਮ ਲਈ ਉਤਸ਼ਾਹਤ ਸਾਂ।' ਪ੍ਰਿਅੰਕਾ ਸੰਗੀਤ ਵਿਚ ਆਪਣੇ ਦੇਸੀ ਕੁੜੀ ਵਾਲੇ ਰੂਪ ਵਿਚ ਸੀ। ਉਸ ਨੇ ਅਬੂ ਜਾਨੀ ਅਤੇ ਸੰਦੀਪ ਖੋਸਲਾ ਦੀ ਸੁਨਹਿਰੀ ਤੇ ਚਾਂਦੀ ਰੰਗ ਦੀ ਕੱਢਾਈ ਵਾਲੀ ਸਾੜ੍ਹੀ ਪਹਿਨੀ ਸੀ। ਨਿਕ ਨੀਲੇ ਰੰਗ ਦੀ ਰੇਸ਼ਮੀ ਸ਼ੇਰਵਾਨੀ ਵਿਚ ਬੇਹੱਦ ਫੱਬ ਰਿਹਾ ਸੀ। ਅਭਿਨੇਤਰੀ ਪਰਿਨੀਤੀ ਚੋਪੜਾ ਨੇ ਇਸ ਮੌਕੇ ਨਵੀਂ ਜੋੜੀ ਲਈ ਖਾਸ ਪੇਸ਼ਕਾਰੀ ਦਿੱਤੀ। ਨਿਕ ਦੀ ਭਰਜਾਈ ਸੋਫੀ ਟਰਨਜ਼ ਵੀ ਪਾਰਟੀ ਵਿਚ ਸ਼ਾਮਲ ਹੋਈ। ਨਿਕ ਦੇ ਭਾਈ ਜੋਇ ਦੇ ਗੀਤ ਉੱਤੇ ਪ੍ਰਿਅੰਕਾ ਨੇ ਆਪਣੀ ਮਾਂ ਮਧੂ ਅਤੇ ਪਤੀ ਨਿਕ ਨਾਲ ਮਿਲ ਕੇ ਡਾਂਸ ਕੀਤਾ।

## ਡਾ: ਕੋਹਲੀ ਨੇ ਕਿਹਾ: ਅੰਗਰੇਜ਼ਾਂ ਦੇ ਪਿੱਠੂ ਸਨ ਰਾਮ ਮੋਹਨ ਰਾਏ

*** ਸਤੀ ਪ੍ਰਥਾ ਦੇ ਨਾਂਅ ਉੱਤੇ ਦੇਸ਼ ਬਾਰੇ ਕੂੜ ਪ੍ਰਚਾਰ ਦਾ ਦੋਸ਼**

ਕਾਨਪੁਰ, 2 ਦਸੰਬਰ (ਪੋਸਟ ਬਿਊਰੋ)- ਸੀਨੀਅਰ ਪੱਤਰਕਾਰ ਡਾਕਟਰ ਨਰਿੰਦਰ ਕੋਹਲੀ ਨੇ ਕੱਲ੍ਹ ਰਾਜਾ ਰਾਮ ਮੋਹਨ ਰਾਏ ਬਾਰੇ ਵਿਵਾਦਤ ਬਿਆਨ ਦਿੰਦਿਆਂ ਕਿਹਾ ਕਿ ਉਹ ਅੰਗਰੇਜ਼ਾਂ ਦੇ ਪਿੱਠੂ ਸਨ, ਉਨ੍ਹਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਸਤੀ ਪ੍ਰਥਾ ਦੇ ਨਾਂਅ 'ਤੇ ਦੇਸ਼ ਦੀ ਬਦਨਾਮੀ ਕੀਤੀ ਅਤੇ ਜਾਇਦਾਦ ਦੇ ਇੱਕ ਝਗੜੇ ਵਿੱਚ ਵਾਪਰੀ ਆਪਣੇ ਪਰਵਾਰ ਦੀ ਇੱਕ ਘਟਨਾ ਤੋਂ ਬਾਅਦ ਉਹ ਸਤੀ ਪ੍ਰਥਾ ਦੇ ਖਿਲਾਫ ਬੋਲੇ ਸਨ।

ਡਾ: ਕੋਹਲੀ ਨੇ ਕਿਹਾ ਕਿ ਭਾਰਤ ਵਿੱਚ ਸਤੀ ਪ੍ਰਥਾ ਕਦੇ ਸੀ ਹੀ ਨਹੀਂ, ਪ੍ਰਥਾ ਉਸ ਨੂੰ ਕਹਿੰਦੇ ਹਨ, ਜਿਹੜੀ ਹਰ ਪੀੜ੍ਹੀ ਵਿੱਚ ਹੋਵੇ। ਇਹੋ ਜਿਹੀਆਂ ਮਸਾਂ ਚਾਰ ਮਿਸਾਲਾਂ ਨਹੀਂ ਮਿਲਦੀਆਂ। ਫਿਰ ਵੀ ਭਾਰਤ ਨੂੰ ਬਦਨਾਮ ਕੀਤਾ ਗਿਆ ਕਿ ਔਰਤਾਂ ਨੂੰ ਉਥੇ ਸਾੜ ਦਿੱਤਾ ਜਾਂਦਾ ਹੈ। ਕੌਮੀ ਪੁਸਤਕ ਮੇਲੇ ਦਾ ਬਤੌਰ ਮੁੱਖ ਮਹਿਮਾਨ ਉਦਘਾਟਨ ਕਰਨ ਆਏ ਡਾਕਟਰ ਕੋਹਲੀ ਨੇ ਕਿਹਾ ਕਿ ਸਾਡੇ ਦੇਸ਼ ਦਾ ਇਤਿਹਾਸ ਵਿਦੇਸ਼ੀਆਂ ਨੇ ਲਿਖਿਆ ਹੈ। ਇਸ ਵਿੱਚ ਅਜਿਹੇ ਤੱਥਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਦੇਸ਼ ਦਾ ਆਤਮ-ਬਲ ਖਤਮ ਹੋ ਜਾਵੇ। ਅੰਗਰੇਜ਼ਾਂ ਨੇ ਗਲਤ ਇਤਿਹਾਸ ਲਿਖ ਕੇ ਦੇਸ਼ ਨੂੰ ਬਦਨਾਮ ਕੀਤਾ ਹੈ। ਜਿਨ੍ਹਾਂ ਔਰਤਾਂ 'ਤੇ ਅਤਿਆਚਾਰ ਕੀਤੇ ਸਨ, ਉਨ੍ਹਾਂ ਨੂੰ ਫਾਂਸੀ 'ਤੇ ਚੜ੍ਹਾਉਣ ਦੀ ਥਾਂ ਪੂਰੀ ਦੁਨੀਆ 'ਚ ਦੇਸ਼ ਦਾ ਗਲਤ ਪ੍ਰਚਾਰ ਕੀਤਾ ਗਿਆ। ਵਰਨਣ ਯੋਗ ਹੈ ਕਿ ਰਾਜਾ ਰਾਮ ਮੋਹਨ ਰਾਏ ਸਤੀ ਪ੍ਰਥਾ ਦੇ ਖਿਲਾਫ ਅੰਦੋਲਨ ਦੇ ਮੋਢੀਆਂ ਵਜੋਂ ਜਾਣੇ ਜਾਂਦੇ

COLUMBUS TRUCK WASH
Open 7 Days

A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635


A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !

NO CREDIT ANY CREDIT
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College

Automatic & Manual Trucks
• 1 on 1 Training
"We Provide Training For Forklift & Trucks"
Forklift Training

Forklift $79 Recertification
Counterbalance
Reach Truck

17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

ShérGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)

Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741

LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਸੁਨੀਲ ਅਰੋੜਾ ਨੇ ਭਾਰਤ ਦੇ ਨਵੇਂ ਮੁੱਖ ਚੋਣ ਕਮਿਸ਼ਨਰ ਦਾ ਅਹੁਦਾ ਸੰਭਾਲਿਆ



ਨਵੀਂ ਦਿੱਲੀ, 2 ਦਸੰਬਰ, (ਪੋਸਟ ਬਿਊਰੋ)- ਪਿਛਲੇ ਚੋਣ ਕਮਿਸ਼ਨਰ ਓ ਪੀ ਰਾਵਤ ਦੀ ਥਾਂ ਸੁਨੀਲ ਅਰੋੜਾ ਨੇ ਨਵੇਂ ਮੁੱਖ ਚੋਣ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਕੇ ਚੋਣਾਂ 'ਪੂਰੀ ਤਰ੍ਹਾਂ ਆਜ਼ਾਦ, ਸਾਫ਼ ਸੁਥਰੇ, ਵਾਜਿਬ ਅਤੇ ਸੱਚੇ ਸੁੱਚੇ ਢੰਗ' ਨਾਲ ਕਰਾਉਣ ਲਈ ਸਿਆਸੀ ਪਾਰਟੀਆਂ ਤੇ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ।

ਪੰਜਾਬ ਦੇ ਹੁਸ਼ਿਆਰਪੁਰ ਨਾਲ ਜੁੜੇ ਹੋਏ 62 ਸਾਲਾ ਸਾਬਕਾ ਅਫ਼ਸਰ ਅਰੋੜਾ 12 ਅਪਰੈਲ 2021 ਤੱਕ ਇਸ ਅਹੁਦੇ ਉੱਤੇ ਰਹਿਣਗੇ। ਉਨ੍ਹਾਂ ਦੇ ਸਮੇਂ ਦੌਰਾਨ 2019 ਦੀਆਂ ਲੋਕ ਸਭਾ ਚੋਣਾਂ ਤੋਂ ਇਲਾਵਾ ਜੰਮੂ ਕਸ਼ਮੀਰ, ਉੜੀਸਾ, ਮਹਾਰਾਸ਼ਟਰ, ਹਰਿਆਣਾ, ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼ ਤੇ ਸਿੱਕਮ ਦੀਆਂ ਵਿਧਾਨ ਸਭਾ ਚੋਣਾਂ ਹੋਣਗੀਆਂ। ਅਹੁਦਾ ਸੰਭਾਲਣ ਤੋਂ ਬਾਅਦ ਅਰੋੜਾ ਨੇ ਚੋਣਾਂ ਸਾਫ਼ ਸੁਥਰੇ ਢੰਗ ਨਾਲ ਕਰਾਉਣ ਲਈ ਸਭ ਸਬੰਧਤ ਧਿਰਾਂ, ਸਿਆਸੀ ਪਾਰਟੀਆਂ, ਮੀਡੀਆ, ਸਿਵਲ ਸੁਸਾਇਟੀ ਜਥੇਬੰਦੀਆਂ ਅਤੇ ਆਮ ਲੋਕਾਂ ਤੋਂ ਮਦਦ ਦੀ ਮੰਗ ਕੀਤੀ। ਸਾਲ 1980 ਬੈਚ ਦੇ ਰਾਜਸਥਾਨ ਕੇਡਰ ਦੇ ਆਈ ਏ ਐਸ ਅਫ਼ਸਰ ਸੁਨੀਲ ਅਰੋੜਾ ਨੇ ਇਸ ਤੋਂ ਪਹਿਲਾਂ ਵਿੱਤ ਮੰਤਰਾਲੇ ਅਤੇ ਕੱਪੜਾ ਮੰਤਰਾਲੇ ਦੇ ਨਾਲ ਯੋਜਨਾ ਕਮਿਸ਼ਨ ਵਿਚ ਵੀ ਕੰਮ ਕੀਤਾ ਹੋਇਆ ਹੈ। ਉਨ੍ਹਾਂ 1992 ਤੋਂ 2002 ਤੱਕ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵਿਚ ਜਾਇੰਟ ਸੈਕਟਰੀ ਵਜੋਂ ਅਤੇ ਇੰਡੀਅਨ ਏਅਰਲਾਈਨਜ਼ ਦੇ ਪੰਜ ਸਾਲ ਸੀ ਐਮ ਡੀ (ਦੋ ਸਾਲ ਐਡੀਸ਼ਨਲ ਚਾਰਜ ਤੇ ਤਿੰਨ ਸਾਲ ਮੁਕੰਮਲ ਚਾਰਜ) ਵਜੋਂ ਕੰਮ ਕੀਤਾ ਹੈ।

ਇਸ ਦੌਰਾਨ ਚੋਣ ਕਮਿਸ਼ਨ ਨੇ ਅੱਜ ਮੰਨ ਲਿਆ ਹੈ ਕਿ ਭੁਪਾਲ ਦੇ ਸਟਰਾਂਗ ਰੂਮ ਵਿਚ ਤੀਹ ਨਵੰਬਰ ਨੂੰ ਬਿਜਲੀ ਸਪਲਾਈ ਠੱਪ ਹੋਈ ਸੀ, ਕਿਉਂਕਿ ਇਸ ਇਲਾਕੇ ਵਿਚ ਬਿਜਲੀ ਕੱਟ ਲੱਗਾ ਸੀ ਤੇ ਇਸ ਸਮੇਂ ਸੀ ਸੀ ਟੀ ਵੀ ਕੈਮਰੇ ਬੰਦ ਹੋ ਗਏ ਸਨ, ਪਰ ਇਸ ਦੌਰਾਨ ਕਿਸੇ ਤਰ੍ਹਾਂ ਕੋਈ ਗੜਬੜੀ ਨਹੀ ਹੋਈ। ਚੋਣ ਕਮਿਸ਼ਨ ਨੇ ਪ੍ਰੈੱਸ ਰਿਲੀਜ਼ ਰਾਹੀਂ ਦੱਸਿਆ ਹੈ ਕਿ ਚੋਣ ਕਮਿਸ਼ਨ ਮੰਨਦਾ ਹੈ ਕਿ ਸਟਰਾਂਗ ਰੂਮ ਦੇ ਸੀ ਸੀ ਟੀ ਵੀ ਕੈਮਰੇ ਇੱਕ ਘੰਟਾ ਬੰਦ ਰਹੇ। ਚੋਣ ਕਮਿਸ਼ਨ ਨੇ ਪੁਸ਼ਟੀ ਕੀਤੀ ਹੈ ਕਿ ਇਸ ਵਕਤ ਸੀ ਸੀ ਟੀ ਵੀ ਕੈਮਰੇ ਕੰਮ ਕਰ ਰਹੇ ਹਨ।

# ਲੀਡਰਸ਼ਿਪ ਦੇ ਵਿਰੁੱਧ ਨਿੱਤਰੇ ਟਕਸਾਲੀ ਆਗੂ ਬੋਲੇ: ਇੱਕ ਨਵੀਂ ਪਾਰਟੀ ਬਣਾਵਾਂਗੇ

ਅੰਮ੍ਰਿਤਸਰ, 2 ਦਸੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਤੋਂ ਤੰਗ ਆਣ ਕੇ ਇਸ ਨਾਲੋਂ ਵੱਖ ਹੋਏ ਸੀਨੀਅਰ ਟਕਸਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਤੇ ਡਾ: ਰਤਨ ਸਿੰਘ ਅਜਨਾਲਾ ਨੇ ਅੱਜ ਨਵੀਂ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਆਗੂਆਂ ਨੂੰ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਦਾ ਵਿਰੋਧ ਕਰਨ ਦੇ ਦੋਸ਼ ਹੇਠ ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਵਿੱਚੋਂ ਕੱਢ ਦਿੱਤਾ ਸੀ। ਪਾਰਲੀਮੈਂਟ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਰਿਹਾਇਸ਼ ਵਿਖੇ ਇਕੱਠੇ ਹੋਏ ਇਨ੍ਹਾਂ ਆਗੂਆਂ ਨੇ ਅੱਜ ਐਲਾਨ ਕੀਤਾ ਕਿ ਉਹ ਅਕਾਲੀ ਦਲ ਦੇ ਬਰਾਬਰ ਇਕ ਨਵੀਂ ਪਾਰਟੀ ਬਣਾਉਣਗੇ, ਜਿਸ ਨੂੰ ਪਿਛਲੀ ਸਦੀ ਵਿੱਚ ਸਾਲ 1920 ਵਿਚ ਕਾਇਮ ਕੀਤੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤਾਂ ਅਤੇ ਪ੍ਰੰਪਰਾਵਾਂ ਅਨੁਸਾਰ ਚਲਾਇਆ ਜਾਵੇਗਾ। ਅਕਾਲੀ ਦਲ ਵਿਚ ਬੈਠੇ

* ਨਵੀਂ ਪਾਰਟੀ ਦਾ ਰਸਮੀ ਐਲਾਨ 14 ਦਸੰਬਰ ਨੂੰ

ਨਿਰਾਸ਼ ਤੇ ਨਾਰਾਜ਼ ਆਗੂਆਂ ਤੇ ਵਰਕਰਾਂ ਅਤੇ ਟਕਸਾਲੀ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਨਵੀਂ ਬਣਾਈ ਜਾ ਰਹੀ ਪਾਰਟੀ ਵਿਚ ਸ਼ਾਮਲ ਹੋਣ ਦੀਆਂ ਤਿਆਰੀਆਂ ਸ਼ੁਰੂ ਕਰ ਦੇਣ।

ਇਸ ਸੰਬੰਧ ਵਿੱਚ ਹਲਕਾ ਖਡੂਰ ਸਾਹਿਬ ਤੋਂ ਪਾਰਲੀਮੈਂਟ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਐਲਾਨ ਕੀਤਾ ਕਿ ਰਸਮੀ ਤੌਰ ਉੱਤੇ ਨਵੀਂ ਪਾਰਟੀ ਬਣਾਉਣ ਦਾ ਫ਼ੈਸਲਾ ਹੋ ਗਿਆ ਹੈ, ਜਿਸ ਦਾ ਪੂਰਾ ਨਾਂ 14 ਦਸੰਬਰ ਨੂੰ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਐਲਾਨ ਕੀਤਾ ਜਾਵੇਗਾ, ਪਰ ਮੁੱਢਲਾ ਨਾਂ ਸ਼੍ਰੋਮਣੀ ਅਕਾਲੀ ਦਲ ਹੀ ਹੋਵੇਗਾ। ਉਨ੍ਹਾਂ ਲੁਧਿਆਣੇ ਦੇ ਵਿਧਾਇਕ ਦੋਵਾਂ ਬੈਂਸ ਭਰਾਵਾਂ ਤੇ ਆਮ ਆਦਮੀ ਪਾਰਟੀ ਤੋਂ ਬਾਗੀ ਹੋਏ ਸੁਖਪਾਲ ਸਿੰਘ ਖਹਿਰਾ ਵਰਗੇ ਆਗੂਆਂ, ਜਿਨ੍ਹਾਂ ਦਾ ਪਿਛੋਕੜ ਪੰਥਕ ਰਾਜਨੀਤੀ ਨਾਲ ਜੁੜਦਾ ਹੈ, ਨੂੰ ਨਵੀਂ ਪਾਰਟੀ ਵਿਚ ਆਉਣ ਵਾਸਤੇ ਸੱਦਾ ਦਿੱਤਾ। ਟਕਸਾਲੀ ਅਕਾਲੀ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਰਹਿੰਦੇ ਵਕਤ ਪੰਥ ਵਿਰੋਧੀ ਫ਼ੈਸਲਿਆਂ ਦਾ ਵਿਰੋਧ ਨਾ ਕਰਨ ਲਈ ਪੰਜਾਬੀਆਂ ਤੋਂ ਮੁਆਫ਼ੀ ਮੰਗਦੇ ਹੋਏ ਕਿਹਾ ਕਿ ਉਨ੍ਹਾਂ ਤੋਂ ਇਸ ਜ਼ਿੰਮੇਵਾਰੀ ਬਾਰੇ ਭੁੱਲ ਹੋਈ ਹੈ ਅਤੇ ਉਹ ਗੁਰੂ ਘਰ ਜਾ ਕੇ ਇਸ ਦੀ ਖਿਮਾ ਯਾਚਨਾ ਕਰ ਚੁੱਕੇ ਹਨ ਅਤੇ ਪੰਜਾਬੀਆਂ ਤੋਂ ਵੀ ਇਸ ਦੀ ਖਿਮਾ ਮੰਗਦੇ ਹਨ। ਉਨ੍ਹਾਂ ਨੇ ਦੇਸ਼ ਵਿਦੇਸ਼ ਵਿੱਚ ਬੈਠੇ ਪੰਜਾਬੀਆਂ ਤੇ ਪੰਥ ਦਰਦੀਆਂ ਨੂੰ ਅਪੀਲ ਕੀਤੀ ਕਿ ਮਾਂ ਪਾਰਟੀ ਸ਼੍ਰੋਮਣੀ



ਅਕਾਲੀ ਦਲ ਨੂੰ ਸਿਧਾਂਤਕ ਪੱਖੋਂ ਫਿਰ ਸੁਰਜੀਤ ਕੀਤਾ ਜਾਵੇ। ਬ੍ਰਹਮਪੁਰਾ ਨੇ ਕਿਹਾ ਕਿ ਅਕਾਲੀ ਦਲ ਉੱਤੇ ਕਾਬਜ਼ ਲੋਕਾਂ ਦੀ ਕਥਿਤ ਧੱਕੇਸ਼ਾਹੀ ਖਿਲਾਫ਼ ਜਿਹੜੇ ਵੀ ਪੰਥ ਦਰਦੀ ਬੋਲਣ ਨੂੰ ਤਿਆਰ ਹਨ, ਉਹ ਉਨ੍ਹਾਂ ਸਾਰਿਆਂ ਕੋਲ ਜਾ ਕੇ ਮਦਦ ਦੀ ਮੰਗ ਕਰਨਗੇ।

ਟਕਸਾਲੀ ਆਗੂਆਂ ਨੇ ਇਸ ਮੌਕੇ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਤੇ ਇਸ ਦਾ ਸਿਹਰਾ ਨਵਜੋਤ ਸਿੰਘ ਸਿੱਧੂ ਨੂੰ ਦਿੱਤਾ। ਉਨ੍ਹਾਂ ਪਹਿਲੀ ਵਾਰ ਇਹ ਦੋਸ਼ ਖੁੱਲ੍ਹ ਕੇ ਲਾਇਆ ਕਿ ਅਕਾਲੀ ਦਲ ਉਤੇ ਕਾਬਜ਼ ਬਾਦਲ ਤੇ ਮਜੀਠੀਆ ਪਰਿਵਾਰਾਂ ਨੇ ਪਾਰਟੀ ਦਾ ਬਹੁਤ ਨੁਕਸਾਨ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੁਰਸੀ ਕਾਇਮ ਰੱਖਣ ਲਈ ਇਨ੍ਹਾਂ ਲੋਕਾਂ ਨੇ ਸਿਰਸਾ ਦੇ ਡੇਰਾ ਸੱਚਾ ਸੌਦਾ ਦੇ ਮੁਖੀ ਨਾਲ ਵੀ ਸਾਂਝ ਪਾਈ, ਜਿਸ ਦੇ ਖਿਲਾਫ਼ ਕੋਈ ਸਾਂਝ ਨਾ ਰੱਖਣ ਦਾ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੋ ਚੁੱਕਾ ਸੀ। ਬੇਅਦਬੀ ਤੇ ਬਰਗਾੜੀ ਕਾਂਡ ਨਾਲ ਹੋਏ ਨੁਕਸਾਨ ਲਈ ਵੀ ਉਨ੍ਹਾਂ ਨੇ ਬਾਦਲ-ਮਜੀਠੀਆ ਪਰਵਾਰਾਂ ਦੇ ਲੋਕਾਂ ਨੂੰ ਜ਼ਿੰਮੇਵਾਰ ਕਿਹਾ। ਇੱਕ ਸਵਾਲ ਦੇ ਜਵਾਬ ਵਿਚ ਇਨ੍ਹਾਂ ਕਿਹਾ ਕਿ ਅਕਾਲੀ ਲੀਡਰਸ਼ਿਪ ਤੇ ਕੈਪਟਨ ਅਮਰਿੰਦਰ ਸਿੰਘ ਮਿਲੇ ਹੋਏ ਹਨ। ਉਨ੍ਹਾਂ ਦੋਸ਼ ਲਾਇਆ ਕਿ 2017 ਅਸੈਂਬਲੀ ਚੋਣਾਂ ਤੋਂ ਪਹਿਲਾਂ ਦੋਵਾਂ ਵਿਚਾਲੇ ਤੀਜੀ ਧਿਰ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਆਉਣ ਤੋਂ ਰੋਕਣ ਲਈ ਰਣਨੀਤੀ ਬਣ ਗਈ ਸੀ।

ਦੂਸਰੇ ਪਾਸੇ ਅਕਾਲੀ ਦਲ ਨੇ ਦੋਸ਼ ਲਾਇਆ ਕਿ ਪਾਰਟੀ ਤੋਂ ਕੱਢੇ ਹੋਏ ਅਕਾਲੀ ਆਗੂ ਕਾਂਗਰਸ ਦੇ ਹੱਥਾਂ 'ਚ ਖੇਡ ਕੇ ਅਕਾਲੀ ਦਲ ਤੇ ਸਿੱਖ ਪੰਥ ਨੂੰ ਕਮਜ਼ੋਰ ਕਰਨ ਲਈ ਨਵਾਂ ਫਰੰਟ ਬਣਾ ਰਹੇ ਹਨ। ਸਾਬਕਾ ਮੰਤਰੀ ਤੇ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਨਿਰਮਲ ਸਿੰਘ ਕਾਹਲੋਂ ਤੇ ਗੁਲਜ਼ਾਰ ਸਿੰਘ ਰਣੀਕੇ ਨੇ ਕਿਹਾ ਕਿ ਪਾਰਟੀ ਤੋਂ ਕੱਢੇ ਗਏ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਤੇ ਰਤਨ ਸਿੰਘ ਅਜਨਾਲਾ ਵੱਲੋਂ ਸੁਖਪਾਲ ਸਿੰਘ ਖਹਿਰਾ ਨੂੰ ਪਹੁੰਚ ਕਰਨ ਦੇ ਐਲਾਨ ਨੇ ਸਾਬਤ ਕਰ ਦਿੱਤਾ ਹੈ ਕਿ ਇਨ੍ਹਾਂ ਵੱਲੋਂ ਬਣਾਇਆ ਜਾ ਰਿਹਾ ਨਵਾਂ ਫਰੰਟ ਕਾਂਗਰਸ ਫਰੰਟ ਹੀ ਹੈ, ਕਿਉਂਕ ਖਹਿਰਾ ਕਾਂਗਰਸੀ ਪਿੱਠੂ ਹੈ। ਅਕਾਲੀ ਆਗੂਆਂ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਤਿੰਨੇ ਆਗੂ ਇਹ ਕਹਿ ਕੇ ਲੋਕਾਂ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਹ ਅਕਾਲੀ ਦਲ ਵਿੱਚ ਪਰਿਵਾਰਵਾਦ ਖਿਲਾਫ ਲੜਦੇ ਹਨ, ਜੇ ਇਹ ਗੱਲ ਹੈ ਤਾਂ ਇਨ੍ਹਾਂ ਦੇ ਪੁੱਤਰ ਪ੍ਰੈਸ ਕਾਨਫਰੰਸ ਵਿਚ ਕਿਉਂ ਬੈਠੇ ਸਨ?

## ਅਮਰੀਕਾ ਵਿਚ ਸਿਆਸੀ ਸ਼ਰਨ ਲੈਣ ਵਾਲੇ ਭਾਰਤੀਆਂ ਦੀ ਗਿਣਤੀ ਵਿਚ ਹੋ ਰਿਹਾ ਭਾਰੀ ਵਾਧਾ ਚਿੰਤਾ ਦਾ ਵਿਸ਼ਾ : ਚਾਹਲ



ਜਲੰਧਰ, 2 ਦਸੰਬਰ (ਪੋਸਟ ਬਿਊਰੋ):ਚਾਲੂ ਮਾਲੀ ਸਾਲ ਦੇ ਸਤੰਬਰ ਮਹੀਨੇ ਦੇ ਅਖੀਰਲੇ ਹਫਤੇ ਤਕ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਏ 7214 ਭਾਰਤੀਆਂ ਨੇ ਅਮਰੀਕਾ ਅੰਦਰ ਸਿਆਸੀ ਸ਼ਰਨ ਮੰਗੀ ਹੈ।ਜਿਹੜਾ ਕਿ ਅਜ ਤਕ ਦਾ ਸਭ ਤੋਂ ਜਿਆਦਾ ਰਿਕਾਰਡ ਸਮਝਿਆ ਜਾ ਰਿਹਾ ਹੈ।ਜਿਸ ਅਨੁਸਾਰ ਇਹ ਅੰਕੜਾ ਇਸ ਸਾਲ 25 ਸਤੰਬਰ ਤੱਕ ਅਮਰੀਕਾ ਅੰਦਰ ਭਾਰਤੀ ਮੂਲ ਦੇ ਲੋਕਾਂ ਵਲੋਂ ਸਿਆਸੀ ਸ਼ਰਨ ਲੈਣ ਲਈ ਅਰਜ਼ੀਆਂ ਦੇਣ ਵਾਲਿਆਂ ਦਾ ਹੈ, ਜਿਨ੍ਹਾਂ ਵਿੱਚ 296 ਔਰਤਾਂ ਵੀ ਸ਼ਾਮਿਲ ਹਨ। ਇਹ ਪ੍ਰਗਟਾਵਾ ਅਜ ਇੱਥੇ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਕੀਤਾ। ਉਨ੍ਹਾਂ ਇਹ ਅੰਕੜੇ ਅਮਰੀਕਾ ਦੇ ਸਿਟੀਜਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸ ਤੋਂ ਫਰੀਡਮ ਆਫ ਇਨਫਰਮੇਸ਼ਨ ਐਕਟ/ਪ੍ਰਾਈਵੇਸੀ ਐਕਟ ਤਹਿਤ ਪ੍ਰਾਪਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਅਮਰੀਕਾ ਵਿੱਚ ਸਿਆਸੀ ਸ਼ਰਨ ਮੰਗਣ ਵਾਲੇ ਭਾਰਤੀਆਂ ਦਾ ਅੰਕੜਾ ਸਾਲ 2017 ਨਾਲੋਂ ਦੁੱਗਣਾ ਹੋ ਚੁੱਕਿਆ ਹੈ ਜੋ ਸਾਡੇ ਸਭ ਲਈ ਸੋਚਣ-ਵਿਚਾਰਨ ਵਾਲਾ ਮੁੱਦਾ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤੀ ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਹੁੰਦੇ ਹਨ ਵਿਦੇਸ਼ਾਂ ਵਿੱਚ ਸਥਾਪਿਤ ਹੋਣ ਲਈ ਆਪਣੀ ਕਿਸਮਤ ਅਜ਼ਮਾਉਂਦੇ ਹਨ। ਉਨ੍ਹਾਂ ਵਿੱਚੋਂ ਲਗਭਗ ਹਰ ਬੰਦਾ ਟਰੈਵਲ ਏਜੰਟਾਂ ਨੂੰ 25 ਲੱਖ ਤੋਂ ਲੈ ਕੇ 30 ਲੱਖ ਰੁਪੈ ਤੱਕ ਦਾ ਭੁਗਤਾਨ ਕਰਦਾ ਹੈ। ਸ: ਚਾਹਲ ਨੇ ਦਸਿਆ ਕਿ ਹੁਣ ਤੱਕ ਪੰਜਾਬ ਅੰਦਰ ਟਰੈਵਲ ਏਜੰਟ ਮੁੱਖ ਤੌਰ 'ਤੇ ਦੁਆਬਾ ਅਤੇ ਮਾਲਵੇ ਦੇ ਕੁੱਝ ਹਿੱਸੇ ਤੱਕ ਹੀ ਸੀਮਤ ਰਹੇ ਹਨ। ਪਰ ਹੁਣ ਉਨ੍ਹਾਂ ਨੇ ਪੰਜਾਬ ਦੇ ਦੱਖਣੀ ਜਿਲ੍ਹਿਆਂ ਜਿਵੇਂ ਬਠਿੰਡਾ, ਸੰਗਰੂਰ, ਮਾਨਸਾ, ਫਿਰੋਜ਼ਪੁਰ, ਫ਼ਰੀਦਕੋਟ, ਮੁਕਤਸਰ ਅਤੇ ਫ਼ਾਜ਼ਿਲਕਾ ਦੇ ਪੇਂਡੂ ਇਲਾਕਿਆਂ 'ਚ ਵੀ ਆਪਣੀਆਂ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ ਹਨ। ਜਿਸ ਕਾਰਣ ਗ਼ੈਰਕਾਨੂੰਨੀ ਮਨੁੱਖੀ ਤਸਕਰੀ ਦਾ ਸਾਲਾਨਾ ਕਾਰੋਬਾਰ 12000 ਕਰੋੜ ਨੂੰ ਪਾਰ ਕਰ ਗਿਆ ਹੈ।ਸ: ਚਾਹਲ ਨੇ ਇਹ ਵੀ ਦਸਿਆ ਕਿ ਅਮਰੀਕਾ ਦਾ ਸ਼ਰਨਾਰਥੀ ਕਾਨੂੰਨ ਉਨ੍ਹਾਂ ਲੋਕਾਂ ਤੇ ਲਾਗੂ ਹੁੰਦਾ ਹੈ ਜਿਨ੍ਹਾਂ ਨੂੰ ਆਪਣੇ ਮੂਲ ਦੇਸ਼ਾਂ ਵਿੱਚ ਆਪਣੇ ਧਰਮ, ਕੌਮੀਅਤਾਂ, ਕਿਸੇ ਵਿਸ਼ੇਸ਼ ਸਮਾਜਿਕ ਗਰੁੱਪ ਦੀ ਮੈਂਬਰਸ਼ਿਪ ਅਤੇ ਉਸ ਦੇਸ਼ ਵੱਲੋਂ ਅਪਰਾਧ ਗਰਦਾਨੇ ਜਾਂਦੇ ਵੱਖਰੇ ਰਾਜਸੀ ਵਿਚਾਰਾਂ ਕਾਰਨ ਅੱਤਿਆਚਾਰਾਂ ਦਾ ਖ਼ਤਰਾ ਹੁੰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਰਾਜਸੀ ਸ਼ਰਨ ਦੀਆਂ ਅਰਜ਼ੀਆਂ ਦੇ ਮਾਮਲੇ ਵਿੱਚ ਅਮਰੀਕਾ ਸੰਸਾਰ ਵਿੱਚ ਪਹਿਲੇ ਨੰਬਰ 'ਤੇ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਸੰਸਾਰ ਭਰ ਵਿੱਚ ਸਿਆਸੀ ਸ਼ਰਨ ਲਈ ਦਿੱਤੀਆਂ ਜਾਂਦੀਆਂ ਅਰਜੀਆਂ ਦੀ ਗਿਣਤੀ ਇਸ ਸਾਲ 300,000 ਤੋਂ 3.1 ਮਿਲੀਅਨ ਤੱਕ ਪਹੁੰਚ ਚੁੱਕੀ ਹੈ। ਉਨ੍ਹਾਂ ਅੱਗੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਮੈਕਸੀਕੋ ਦਾ ਬਾਰਡਰ ਪਾਰ ਕਰਕੇ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੇ ਭਾਰਤੀਆਂ ਵਿੱਚ ਸਿਆਸੀ ਸ਼ਰਨ ਮੰਗਣ ਦਾ ਅੰਕੜਾ ਵਧਦਾ ਹੀ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਵਿੱਚ ਮੈਕਸੀਕੋ ਰਾਹੀਂ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਵਧੀ ਹੈ ਹਾਲਾਂ ਕਿ ਉਹ ਕੁੱਲ ਫੜੇ ਜਾਣ ਵਾਲਿਆਂ ਦਾ ਕੁੱਝ ਫ਼ੀਸਦੀ ਹੀ ਹਨ। ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਭਾਰਤੀ ਬੰਦੀਆਂ ਵੱਲੋਂ ਸ਼ਰਨ ਮੰਗਣ ਲਈ ਰਾਜਸੀ ਜਾਂ ਧਾਰਮਿਕ ਵਿਚਾਰਾਂ ਕਾਰਨ ਅੱਤਿਆਚਾਰਾਂ ਦਾ ਹਵਾਲਾ ਦਿੱਤੇ ਜਾਣ ਦੇ ਕੇਸਾਂ ਵਿੱਚ ਵਾਧਾ ਹੋਇਆ ਹੈ।

## ਅਮਰੀਕਾ ਵਿੱਚ ਦਸਤਾਵੇਜਾਂ ਤੋਂ ਬਿਨਾਂ ਰਹਿਣ ਵਾਲਿਆਂ ਦੀ ਗਿਣਤੀ 'ਚ ਭਾਰੀ ਕਮੀ

ਗਿਣਤੀ ਘਟਕੇ ਸਿਰਫ 1 ਕਰੋੜ 7 ਲੱਖ ਰਹਿ ਗਈ

ਵਾਸ਼ਿੰਗਟਨ, 2 ਦਸੰਬਰ (ਹੁਸਨ ਲੜੋਆ ਬੰਗਾ)" ਦੋ ਤਿਹਾਈ ਪਰਵਾਸੀ ਦਸ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਅਮਰੀਕਾ ਵਿਚ ਬਗੈਰ ਦਸਤਾਵੇਜ਼ਾਂ ਦੇ ਰਹਿ ਰਹੇ ਹਨ। ਇਸ ਗਿਣਤੀ ਵਿਚ ਸਾਲ 2007 ਦੇ ਬਾਅਦ ਤੋਂ ਲਗਾਤਾਰ ਵਾਧਾ ਹੋ ਰਿਹਾ ਸੀ। ਅਮਰੀਕੀ ਰਾਸ਼ਟਰਪਤੀ ਟਰੰਪ 2016 ਦੇ ਰਾਸ਼ਟਰਪਤੀ ਚੋਣ ਪ੍ਰਚਾਰ ਤੋਂ ਹੀ ਗੈਰ ਕਾਨੂੰਨੀ ਪਰਵਾਸ ਨੂੰ ਵੱਡਾ ਮੁੱਦਾ ਦੱਸਦੇ ਰਹੇ ਹਨ। ਉਨ੍ਹਾਂ ਨੇ ਦੋਸ਼ ਲਗਾਇਆ ਸੀ ਕਿ ਮੈਕਸੀਕੋ ਡਰੱਗ ਤਸਕਰਾਂ, ਅਪਰਾਧੀਆਂ ਅਤੇ ਬਲਾਤਕਾਰੀਆਂ ਨੂੰ ਉਤਰੀ ਸਰਹੱਦ ਵੱਲ ਭੇਜ ਰਿਹਾ ਹੈ। ਅਮਰੀਕਾ ਵਿਚ ਬਗੈਰ ਦਸਤਾਵੇਜ਼ਾਂ ਦੇ ਰਹਿ ਰਹੇ ਪਰਵਾਸੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਕਮੀ ਆਈ ਹੈ। ਹੁਣ ਅਜਿਹੇ ਪਰਵਾਸੀਆਂ ਦੀ ਗਿਣਤੀ ਘੱਟ ਕੇ ਸਿਰਫ 1 ਕਰੋੜ 7 ਲੱਖ ਰਹਿ ਗਈ ਹੈ, ਇਹ ਪਿਊ ਰਿਸਰਚ ਸੈਂਟਰ ਦੇ ਇੱਕ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ।

ਇਸੇ ਸਾਲ 2004 ਤੋਂ ਬਾਅਦ ਮੈਕਸੀਕੋ ਦੇ ਪਰਵਾਸੀਆਂ ਦੀ ਗਿਣਤੀ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਗਿਰਾਵਟ ਮੰਨੀ ਜਾ ਰਹੀ ਹੈ। ਸਾਲ 2016 ਦੇ ਸਰਕਾਰੀ ਅੰਕੜਿਆਂ 'ਤੇ ਆਧਾਰਤ ਅਧਿਐਨ ਮੁਤਾਬਕ ਅਮਰੀਕਾ ਵਿਚ ਸਾਲ 2007 ਵਿਚ ਅਜਿਹੇ ਪਰਵਾਸੀਆਂ ਦੀ ਗਿਣਤੀ 1 ਕਰੋੜ 22 ਲੱਖ ਦੇ ਨਾਲ ਟੌਪ 'ਤੇ ਸੀ।

ਮੰਗਲਵਾਰ ਨੂੰ ਜਾਰੀ ਅਧਿਐਨ ਮੁਤਾਬਕ ਸਾਲ 2007 ਅਤੇ 2016 ਦੇ ਵਿਚ ਅਮਰੀਕਾ ਵਿਚ ਮੈਕਸੀਕੋ ਦੇ ਗੈਰ ਕਾਨੂੰਨੀ ਪਰਵਾਸੀਆਂ ਦੀ ਗਿਣਤੀ ਵਿਚ 15 ਲੱਖ ਦੀ ਕਮੀ ਆਈ ਹੈ। ਇਸ ਦੇ ਬਾਵਜੂਦ ਹੁਣ ਵੀ ਅਮਰੀਕਾ ਵਿਚ ਮੈਕਸੀਕੋ ਦੇ ਗੈਰ ਕਾਨੂੰਨੀ ਪਰਵਾਸੀਆਂ ਦੀ ਗਿਣਤੀ, ਕੁੱਲ ਪਰਵਾਸੀਆਂ ਦੀ ਗਿਣਤੀ ਦੀ ਅੱਧੀ ਹੈ। 2016 ਤੱਕ ਮੈਕਸੀਕੋ ਦੇ ਕਰੀਬ 54 ਲੱਖ ਗੈਰ ਕਾਨੂੰਨੀ ਪਰਵਾਸੀ ਅਮਰੀਕਾ ਵਿਚ ਰਹਿ ਰਹੇ ਸਨ।

# ਰਾਜ ਗਰੇਵਾਲ ਲਿਬਰਲ ਕਾਕਸ ਤੋਂ ਬਾਹਰ, ਪਰ ਐਮਪੀ ਬਣੇ ਰਹਿਣਗੇ

...ਪੰਨਾ 1 ਦਾ ਬਾਕੀ

ਸ਼ਨਿੱਚਰਵਾਰ ਨੂੰ ਚੀਫ ਗਵਰਮੈਂਟ ਵ੍ਹਿਪ ਮਾਰਕ ਹਾਲੈਂਡ ਨੇ ਟਵੀਟ ਕਰਕੇ ਇਸ ਦੀ ਪੁਸ਼ਟੀ ਕੀਤੀ ਕਿ ਉਹ ਲਿਖਤੀ ਤੌਰ ਉੱਤੇ ਹਾਊਸ ਆਫ ਕਾਮਨਜ਼ ਦੇ ਸਪੀਕਰ ਨੂੰ ਇਹ ਦੱਸ ਚੁੱਕੇ ਹਨ ਕਿ ਗਰੇਵਾਲ ਹੁਣ ਲਿਬਰਲ ਕਾਕਸ ਦਾ ਹਿੱਸਾ ਨਹੀਂ ਰਹੇ। ਪਾਰਲੀਆਮੈਂਟ ਦੀ ਵੈੱਬਸਾਈਟ ਉੱਤੇ ਉਨ੍ਹਾਂ ਦੇ ਐਮਪੀ ਵਾਲੇ ਪੇਜ ਉੱਤੇ ਵੀ ਇਹ ਸਪਸ਼ਟ ਨਜ਼ਰ ਆਉਂਦਾ ਹੈ ਤੇ ਚੇਂਬਰ ਵਿਚਲੀ ਉਨ੍ਹਾਂ ਦੀ ਸੀਟ ਵੀ ਖਾਲੀ ਹੋ ਗਈ ਹੈ।








Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

**BRAMPTON $89,000**
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

**HAMILTON $25/Sq Ft.**

135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

**BRAMPTON $2,500**

85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $54,900**

255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

**BRAMPTON $249,000**
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜ਼ਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

**PICKERING $59,000**

1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ। ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

**BRAMPTON $541,800**

Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

**AJAX $169,900**
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

**KITCHENER $369,999**

Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

**TORONTO $508,775**

Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $629,000**

60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

**TORONTO $825,000**

Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

**BRAMPTON $179,000**
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

**TORONTO $944,000**

Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

**BRAMPTON $849,000**

Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

**CALEDON $1,009,999**

Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਕੋਲਿਆਂਵਾਲੀ ਨੂੰ ਸੁਪਰੀਮ ਕੋਰਟ ਤੋਂ ਵੀ ਜ਼ਮਾਨਤ ਨਹੀਂ ਮਿਲੀ

ਬਠਿੰਡਾ, 2 ਦਸੰਬਰ, (ਪੋਸਟ ਬਿਊਰੋ)- ਬਾਦਲ ਪਰਵਾਰ ਦੇ ਬਹੁਤ ਵੱਡੇ ਨੇੜੂ ਗਿਣੇ ਜਾਂਦੇ ਸਾਬਕਾ ਚੇਅਰਮੈਨ ਦਿਆਲ ਸਿੰਘ ਕੋਲਿਆਂਵਾਲੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਅੱਜ ਸੁਪਰੀਮ ਕੋਰਟ ਤੋਂ ਰੱਦ ਹੋਣ ਨਾਲ ਉਨ੍ਹਾਂ ਦੀ ਗ੍ਰਿਫਤਾਰੀ ਦਾ ਰਾਹ ਸਾਫ਼ ਹੋ ਗਿਆ ਹੈ। ਸੁਪਰੀਮ ਕੋਰਟ ਦੇ ਡਬਲ ਬੈਂਚ ਨੇ ਕੋਲਿਆਂਵਾਲੀ ਨੂੰ ਇੱਕ ਹਫ਼ਤੇ ਦੇ ਅੰਦਰ ਪੰਜਾਬ ਵਿਜੀਲੈਂਸ ਦੇ ਅਧਿਕਾਰੀਆਂ ਕੋਲ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ।



ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਇੱਕ ਮਹੀਨੇ ਵਿੱਚ ਦਿਆਲ ਸਿੰਘ ਕੋਲਿਆਂਵਾਲੀ ਦੀ ਅਰਜ਼ੀ ਦਾ ਫ਼ੈਸਲਾ ਕਰ ਦਿੱਤਾ ਹੈ। ਉਸ ਦੀ ਅਰਜ਼ੀ ਉੱਤੇ ਪਹਿਲੀ ਸੁਣਵਾਈ ਇੱਕ ਨਵੰਬਰ ਨੂੰ ਹੋਈ ਸੀ। ਇਸ ਕੇਸ ਦਾ ਪਿਛੋਕੜ ਇਹ ਹੈ ਕਿ ਕੋਲਿਆਂਵਾਲੀ ਦੇ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਅਤੇ ਕੁਰੱਪਸ਼ਨ ਵਿਰੋਧੀ ਐਕਟ ਦਾ ਕੇਸ 30 ਜੂਨ 2018 ਨੂੰ ਵਿਜੀਲੈਂਸ ਥਾਣਾ ਮੁਹਾਲੀ ਵਿਚ ਦਰਜ ਹੋਇਆ ਸੀ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਦੇ ਮੈਂਬਰ ਤੇ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੀ ਚੇਅਰਮੈਨੀ ਦੇ ਕੋਲਿਆਂਵਾਲੀ ਦੇ ਸਮੇਂ (1 ਅਪਰੈਲ 2009 ਤੋਂ 31 ਮਾਰਚ 2014 ਤੱਕ) ਨੂੰ ਵਿਜੀਲੈਂਸ ਨੇ ਜਾਂਚ ਦਾ ਆਧਾਰ ਬਣਾਇਆ ਹੈ। ਪੰਜਾਬ ਹਰਿਆਣਾ ਹਾਈ ਕੋਰਟ ਨੇ 20 ਅਗਸਤ 2018 ਨੂੰ ਕੋਲਿਆਂਵਾਲੀ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਇਸ ਬਾਰੇ ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਕੋਲਿਆਂਵਾਲੀ ਅਜੇ ਵੀ ਵਿਜੀਲੈਂਸ ਕੋਲ ਪੇਸ਼ ਨਾ ਹੋਵੇ ਤਾਂ ਉਸ ਦੀ ਪ੍ਰਾਪਰਟੀ ਜ਼ਬਤ ਕਰਨ ਦਾ ਕੰਮ ਸ਼ੁਰੂ ਕਰ ਕੇ ਉਸ ਨੂੰ ਭਗੌੜਾ ਐਲਾਨਣ ਦੀ ਕਾਰਵਾਈ ਅੱਗੇ ਤੋਰੀ ਜਾਵੇਗੀ। ਵਿਜੀਲੈਂਸ ਨੇ ਉਸ ਨੂੰ ਭਗੌੜਾ ਕਰਾਰ ਦੇਣ ਲਈ 13 ਨਵੰਬਰ ਨੂੰ ਜੱਦੀ ਘਰ ਪਿੰਡ ਕੋਲਿਆਂ ਵਾਲੀ ਵਿਖੇ ਇਸ਼ਤਿਹਾਰ ਲਾ ਦਿੱਤਾ ਅਤੇ ਜਾਇਦਾਦ ਦੀ ਪੈਮਾਇਸ਼ ਕੀਤੀ ਸੀ। ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਵਾਲੀ ਸਰਕਾਰ ਇਸ ਰੌਂਅ ਵਿੱਚ ਜਾਪਦੀ ਹੈ ਕਿ ਕੋਲਿਆਂ ਵਾਲੀ ਨੂੰ ਚੁਫੇਰੇ ਤੋਂ ਘੇਰਿਆ ਜਾਵੇ। ਕੋਲਿਆਂਵਾਲੀ ਕਰੀਬ ਸਾਢੇ ਤਿੰਨ ਮਹੀਨੇ ਤੋਂ ਗਾਇਬ ਹਨ ਤੇ ਉਨ੍ਹਾਂ ਦੀ ਭਾਲ ਲਈ ਵਿਜੀਲੈਂਸ ਛਾਪੇ ਮਾਰਦੀ ਫਿਰਦੀ ਹੈ।

ਬਠਿੰਡਾ ਤੋਂ ਐਸ ਐਸ ਪੀ ਵਿਜੀਲੈਂਸ ਅਸ਼ੋਕ ਬਾਠ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਕੋਲਿਆਂਵਾਲੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਅੱਜ ਸੁਪਰੀਮ ਕੋਰਟ ਤੋਂ ਰੱਦ ਹੋ ਗਈ ਅਤੇ ਕੋਰਟ ਨੇ ਹਫ਼ਤੇ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਜੇ ਕੋਲਿਆਂਵਾਲੀ ਹਾਲੇ ਵੀ ਪੇਸ਼ ਨਾ ਹੋਇਆ ਤਾਂ ਉਹ ਯੋਗ ਕਾਰਵਾਈ ਕਰਨਗੇ। ਪਤਾ ਲੱਗਾ ਹੈ ਕਿ ਦਿਆਲ ਸਿੰਘ ਕੋਲਿਆਂਵਾਲੀ ਉੱਤੇ 1997 ਤੋਂ ਅੱਜ ਤੱਕ 10 ਪੁਲੀਸ ਕੇਸ ਬਣੇ ਹਨ, ਇਨ੍ਹਾਂ ਵਿੱਚੋਂ 9 ਕੇਸ ਜਲਾਲਾਬਾਦ, ਥਾਣਾ ਸਦਰ ਮਲੋਟ, ਸਿਟੀ ਮਲੋਟ, ਕਬਰਵਾਲਾ, ਰੋਪੜ ਅਤੇ ਖੇਮਕਰਨ ਵਿਚ ਅਨ, ਦਸਵਾਂ ਕੇਸ ਵਿਜੀਲੈਂਸ ਵਲੋਂ 30 ਜੂਨ 2018 ਨੂੰ ਦਰਜ ਕੀਤਾ ਗਿਆ ਸੀ, ਪਰ ਇਨ੍ਹਾਂ ਵਿੱਚੋਂ ਛੇ ਦਾ ਨਿਪਟਾਰਾ ਹੋ ਚੁੱਕਾ ਹੈ।

# ਪਾਕਿ ਵਿਦੇਸ਼ ਮੰਤਰੀ ਕਹਿੰਦਾ: ਇਮਰਾਨ ਦੀ 'ਗੁਗਲੀ' ਨੇ ਭਾਰਤੀ ਮੰਤਰੀ ਫਸਾ ਲਏ

ਲਾਹੌਰ, 2 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਇਹ ਗੱਲ ਕਹਿ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ ਕਿ ਕਰਤਾਰਪੁਰ ਲਾਂਘੇ ਦਾ ਉਦਘਾਟਨੀ ਸਮਾਰੋਹ ਅਸਲ 'ਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ 'ਗੁਗਲੀ' ਸੀ। ਇਹ ਸ਼ਬਦ ਉਨ੍ਹਾਂ ਕੱਲ੍ਹ ਇਮਰਾਨ ਖਾਨ ਸਰਕਾਰ ਦੇ 100 ਦਿਨ ਪੂਰੇ ਹੋਣ ਮੌਕੇ ਰੱਖੇ ਗਏ ਇੱਕ ਵਿਸ਼ੇਸ਼ ਸਮਾਰੋਹ ਵਿੱਚ ਬੋਲਦਿਆਂ ਕਹੇ।

ਆਪਣੇ ਸੰਬੋਧਨ ਦੌਰਾਨ ਮੁਸਕਰਾਉਂਦੇ ਹੋਏ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਪੂਰੇ ਵਿਸ਼ਵ ਨੇ ਵੇਖਿਆ ਹੈ ਕਿ ਬੀਤੇ ਦਿਨੀਂ ਇਮਰਾਨ ਖਾਨ ਨੇ ਕਰਤਾਰਪੁਰ ਵਾਲੀ 'ਗੁਗਲੀ' ਸੁੱਟੀ ਅਤੇ ਉਸ ਗੁਗਲੀ ਦਾ ਨਤੀਜਾ ਸੀ ਕਿ ਹਿੰਦੁਸਤਾਨ ਪਹਿਲਾਂ ਸਾਨੂੰ ਮਿਲਣ ਤੋਂ ਕੰਨੀ ਕਤਰਾ ਰਿਹਾ ਸੀ, ਉਸ ਨੂੰ ਆਪਣੇ ਦੋ ਮੰਤਰੀ (ਹਰਸਿਮਰਤ ਕੌਰ ਬਾਦਲ ਅਤੇ ਹਰਦੀਪ ਸਿੰਘ ਪੁਰੀ) ਪਾਕਿਸਤਾਨ ਭੇਜਣੇ ਪੈ ਗਏ। ਕੁਰੈਸ਼ੀ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਖੋਲ੍ਹਣਾ ਕ੍ਰਿਕਟ ਖਿਡਾਰੀ ਤੋਂ ਨੇਤਾ ਬਣੇ ਇਮਰਾਨ ਖਾਨ ਦੀ ਸਰਕਾਰ ਦੀ ਵੱਡੀ ਪ੍ਰਾਪਤੀ ਹੈ।

ਵਰਨਣ ਯੋਗ ਹੈ ਕਿ ਇਸ ਸਮਾਰੋਹ 'ਚ ਇਮਰਾਨ ਖਾਨ ਵੀ ਹਾਜ਼ਰ ਸਨ। ਕੁਰੈਸ਼ੀ ਨੇ ਅਫਗਾਨਿਸਤਾਨ ਤੋਂ ਬਾਅਦ ਭਾਰਤ ਨੂੰ ਪਾਕਿ ਦਾ ਦੂਜਾ



ਮਹੱਤਵ ਪੂਰਨ ਗੁਆਂਢੀ ਦੱਸ ਕੇ ਕਿਹਾ ਕਿ ਇਮਰਾਨ ਖਾਨ ਨੇ ਪ੍ਰਧਾਨ ਮੰਤਰੀ ਬਣਦਿਆਂ ਹੀ ਭਾਰਤ ਵੱਲ ਦੋਸਤੀ ਦਾ ਹੱਥ ਵਧਾਇਆ ਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਵੀ ਲਿਖੀ ਕਿ ਆਓ ਮਿਲ ਬੈਠ ਕੇ ਗੱਲਬਾਤ ਕਰੀਏ। ਇਸ ਦੇ ਬਾਅਦ ਭਾਰਤੀ ਨੁਮਾਇੰਦੇ ਨਿਊਯਾਰਕ ਵਿੱਚ ਮਿਲਣ ਲਈ ਸਹਿਮਤ ਵੀ ਹੋਏ, ਪਰ ਲੱਗਦਾ ਹੈ ਕਿ ਭਾਰਤੀ ਸਿਆਸਤ ਨੇ ਉਨ੍ਹਾਂ ਨੂੰ ਰੋਕ ਲਿਆ। ਪਾਕਿਸਤਾਨੀ ਵਿਦੇਸ਼ ਮੰਤਰੀ ਕੁਰੈਸ਼ੀ ਨੇ ਸਪੱਸ਼ਟ ਕਿਹਾ ਕਿ ਕਸ਼ਮੀਰ ਸਾਡੀ ਨੀਤੀ ਦਾ ਕੇਂਦਰ ਰਿਹਾ ਹੈ ਤੇ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾ, ਇਹ ਇਸੇ ਪ੍ਰਕਾਰ ਰਹੇਗਾ। ਉਨ੍ਹਾਂ ਨੇ ਕਿਹਾ ਕਿ ਅਸੀਂ ਹਰ ਸਾਲ ਪੰਜ ਫਰਵਰੀ ਨੂੰ ਕਸ਼ਮੀਰ ਦਿਹਾੜਾ ਮਨਾਉਂਦੇ ਹਾਂ ਤੇ ਮੈਂ ਕਸ਼ਮੀਰੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਕੱਲੇ ਨਹੀਂ ਹੋ। ਇਸ ਵਾਰ ਇਸ ਦਿਹਾੜੇ ਮੌਕੇ ਪਾਕਿ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਤੇ ਜਥੇਬੰਦੀਆਂ ਮਿਲ ਕੇ ਲੰਡਨ ਵਿੱਚ ਕਸ਼ਮੀਰ ਦਿਵਸ ਮਨਾਉਣ ਦੀ ਤਿਆਰੀ ਕਰ ਰਹੀਆਂ ਹਨ।

ਕੁਰੈਸ਼ੀ ਨੇ ਇਹ ਟਿੱਪਣੀ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੇ ਉਸ ਬਿਆਨ 'ਤੇ ਕੀਤੀ ਹੈ, ਜਿਸ 'ਚ ਉਨ੍ਹਾਂ ਪਾਕਿਸਤਾਨ ਨਾਲ ਗੱਲਬਾਤ ਫਿਰ ਸ਼ੁਰੂ ਕਰਨ ਦੀ ਸੰਭਾਵਨਾ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਪਾਕਿਸਤਾਨ ਜਦੋਂ ਤੱਕ ਭਾਰਤ ਵਿਰੁੱਧ ਅੱਤਵਾਦੀ ਗਤੀਵਿਧੀਆਂ ਨੂੰ ਨਹੀਂ ਰੋਕਦਾ, ਉਦੋਂ ਤੱਕ ਪਾਕਿ ਨਾਲ ਗੱਲਬਾਤ ਸੰਭਵ ਨਹੀਂ।

## ਕੋਲਾ ਘੁਟਾਲਾ:
# ਸਾਬਕਾ ਕੋਲਾ ਸੈਕਟਰੀ ਐਚ ਸੀ ਗੁਪਤਾ ਸਣੇ ਪੰਜ ਦੋਸ਼ੀ ਠਹਿਰਾਏ



ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਦਿੱਲੀ ਦੀ ਇਕ ਅਦਾਲਤ ਨੇ ਕੱਲ੍ਹ ਸਾਬਕਾ ਕੋਲਾ ਸੈਕਟਰੀ ਐਚ ਸੀ ਗੁਪਤਾ ਨੂੰ ਪੱਛਮੀ ਬੰਗਾਲ ਵਿੱਚ ਕੋਲਾ ਬਲਾਕਾਂ ਦੀ ਅਲਾਟਮੈਂਟ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਇਕ ਕੇਸ ਦਾ ਦੋਸ਼ੀ ਕਰਾਰ ਦਿੱਤਾ ਹੈ। ਇਹ ਮਾਮਲਾ ਯੂ ਪੀ ਏ ਸਰਕਾਰ ਦੇ ਕਾਰਜਕਾਲ ਨਾਲ ਸਬੰਧਤ ਹੈ। ਇਸ ਤੋਂ ਇਲਾਵਾ ਪੰਜ ਹੋਰਾਂ, ਜਿਨ੍ਹਾਂ ਵਿੱਚ ਸੇਵਾ ਮੁਕਤ ਅਫਸਰ ਕੇ ਐਸ ਕਰੋਫਾ ਅਤੇ ਤਾਇਨਾਤ ਅਧਿਕਾਰੀ ਕੇ ਸੀ ਸਾਮਰੀਆ ਸ਼ਾਮਲ ਹੈ, ਨੂੰ ਵੀ ਦੋਸ਼ੀ ਠਹਿਰਾਇਆ ਗਿਆ ਹੈ। ਗੁਪਤਾ 31 ਦਸੰਬਰ 2005 ਤੋਂ ਨਵੰਬਰ 2008 ਦੌਰਾਨ ਕੋਲਾ ਸੈਕਟਰੀ ਰਹਿ ਚੁੱਕੇ ਹਨ। ਉਨ੍ਹਾਂ ਨੂੰ ਪਹਿਲਾਂ ਵੀ ਦੋ ਹੋਰ ਕੇਸਾਂ ਵਿੱਚ ਦੋ ਤੇ ਤਿੰਨ ਸਾਲ ਦੀ ਸਜ਼ਾ ਹੋ ਚੁੱਕੀ ਹੈ। ਉਹ ਦੋਵਾਂ ਕੇਸਾਂ ਵਿੱਚ ਜ਼ਮਾਨਤ 'ਤੇ ਹਨ। ਕਰੋਫਾ ਉਸ ਵੇਲੇ ਕੋਲਾ ਮੰਤਰਾਲੇ ਦੇ ਜਾਇੰਟ ਸੈਕਟਰੀ ਸਨ, ਦਸੰਬਰ 2017 ਵਿੱਚ ਮੇਘਾਲਿਆ ਦੇ ਚੀਫ ਸੈਕਟਰੀ ਵਜੋਂ ਸੇਵਾਮੁਕਤ ਹੋਏ ਹਨ। ਉਨ੍ਹਾਂ ਨੂੰ ਵੀ ਇਸ ਤੋਂ ਪਹਿਲਾਂ ਇਕ ਹੋਰ ਕੋਲਾ ਕੇਸ ਵਿੱਚ ਦੋ ਸਾਲ ਸਜ਼ਾ ਹੋ ਚੁੱਕੀ ਹੈ ਅਤੇ ਜ਼ਮਾਨਤ 'ਤੇ ਹਨ। ਸਾਮਰੀਆ ਉਸ ਵੇਲੇ ਕੋਲਾ ਮੰਤਰਾਲੇ ਵਿੱਚ ਡਾਇਰੈਕਟਰ ਸਨ ਅਤੇ ਅੱਜ ਕੱਲ੍ਹ ਘੱਟ ਗਿਣਤੀ ਮੰਤਰਾਲੇ ਵਿੱਚ ਜਾਇੰਟ ਸਕੱਤਰ ਹਨ। ਉਹ ਵੀ ਇਕ ਮਾਮਲੇ ਵਿੱਚ ਜ਼ਮਾਨਤ 'ਤੇ ਹਨ।

ਦੋਸ਼ੀ ਠਹਿਰਾਏ ਗਏ ਸਾਰੇ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਅਦਾਲਤ ਦੇ ਹੁਕਮਾਂ 'ਤੇ ਤਿੰਨ ਦਸੰਬਰ ਤੱਕ ਹਿਰਾਸਤ ਵਿੱਚ ਰੱਖਿਆ ਜਾਵੇਗਾ। ਸੀ ਬੀ ਆਈ ਵਿਸ਼ੇਸ਼ ਜੱਜ ਭਰਤ ਪਰਾਸ਼ਰ ਤਿੰਨ ਦਸੰਬਰ ਨੂੰ ਸਜ਼ਾ ਖਿਲਾਫ ਦੋਸ਼ੀਆਂ ਦਾ ਪੱਖ ਸੁਣਨਗੇ। ਇਸ ਮਾਮਲੇ ਵਿੱਚ ਅਧਿਕਾਰੀਆਂ ਸਣੇ ਹੋਰਾਂ ਨੂੰ ਸੱਤ ਸਾਲ ਦੀ ਕੈਦ ਹੋ ਸਕਦੀ ਹੈ।

# ਸੀ ਬੀ ਆਈ ਦੇ ਸਾਬਕਾ ਡੀ ਆਈ ਜੀ ਅਤੇ ਪਰਿਵਾਰ ਉਤੇ ਨੂੰਹ ਨੂੰ ਅਗਵਾ ਕਰਨ ਦਾ ਕੇਸ ਦਰਜ

ਬਠਿੰਡਾ, 2 ਦਸੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੀ ਪੁਲਸ ਨੇ ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ (ਸੀ ਬੀ ਆਈ) ਦੇ ਸਾਬਕਾ ਡਿਪਟੀ ਇੰਸਪੈਕਟਰ ਜਨਰਲ (ਡੀ ਆਈ ਜੀ) ਅਤੇ ਉਸ ਦੇ ਚਾਰ ਹੋਰ ਪਰਵਾਰਕ ਮੈਂਬਰਾਂ ਵਿਰੁੱਧ ਆਪਣੀ ਨੂੰਹ ਨੂੰ ਮਾਰਨ ਦੀ ਨੀਤ ਨਾਲ ਅਗਵਾ ਕਰਨ ਦੇ ਦੋਸ਼ਾਂ ਹੇਠ ਪਰਚਾ ਦਰਜ ਕੀਤਾ ਹੈ। ਇਹ ਪਰਚਾ ਸਾਬਕਾ ਡੀ ਆਈ ਜੀ ਦੀ ਨੂੰਹ ਰਵੀਨਾ ਉਰਫ ਟੀਨਾ ਦੇ ਪਿਤਾ ਅਯੁੱਧਿਆ ਪ੍ਰਸ਼ਾਦ ਦੀ ਸ਼ਿਕਾਇਤ ਉੱਤੇ ਸਾਬਕਾ ਸੀ ਬੀ ਆਈ ਡੀ ਆਈ ਜੀ ਅਸ਼ਵਨੀ ਕੁਮਾਰ, ਉਨ੍ਹਾਂ ਦੀ ਪਤਨੀ ਚੰਦਰ ਪ੍ਰਭਾ, ਪੁੱਤਰ ਅਤੇ ਰਵੀਨਾ ਦੇ ਪਤੀ ਉਮੇਸ਼ ਕੁਮਾਰ, ਰਵੀਨਾ ਦੇ ਦਿਓਰ ਚੇਤਨ ਅਤੇ ਉਸ ਦੀ ਪਤਨੀ ਸ਼ਿਖਾ ਵਾਸੀ ਹਾਊਸਫੈੱਡ ਬਠਿੰਡਾ ਵਿਰੁੱਧ ਦਰਜ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਇਹ ਪਰਵਾਰ ਬਠਿੰਡਾ ਵਿੱਚ ਇੱਕ ਵੱਡੀ ਦੋਪਹੀਆ ਕੰਪਨੀ ਦਾ ਸ਼ੋਅ-ਰੂਮ ਵੀ ਚਲਾਉਂਦਾ ਹੈ ਜਿਸ ਦਾ ਮੈਨੇਜਿੰਗ ਡਾਇਰੈਕਟਰ ਰਵੀਨਾ ਦਾ ਪਤੀ ਉਮੇਸ਼ ਕੁਮਾਰ ਹੈ। ਸ਼ਿਕਾਇਤ ਕਰਤਾ ਅਯੁੱਧਿਆ ਪ੍ਰਸ਼ਾਦ ਨੇ ਦੱਸਿਆ ਹੈ ਕਿ ਸਾਬਕਾ ਡੀ ਆਈ ਜੀ ਦਾ ਪਰਵਾਰ ਉਸ ਦੀ ਲੜਕੀ ਨੂੰ ਤੰਗ ਪ੍ਰੇਸ਼ਾਨ ਕਰਦਾ ਰਿਹਾ ਅਤੇ ਫਿਰ ਉਸ ਨੂੰ ਮਾਰਨ ਦੀ ਨੀਤ ਨਾਲ ਅਗਵਾ ਕਰ ਰੱਖਿਆ ਹੈ। ਉਸ ਨੇ ਇਹ ਵੀ ਦੋਸ਼ ਲਾਇਆ ਕਿ ਦੋਸ਼ੀ ਪਰਵਾਰ ਉਸ ਦੀ ਲੜਕੀ 'ਤੇ ਕਿਸੇ ਹੋਰ ਨਾਲ ਭੱਜ ਜਾਣ ਦੇ ਗਲਤ ਦੋਸ਼ ਵੀ ਲਾ ਰਿਹਾ ਹੈ।

ਵਰਨਣ ਯੋਗ ਹੈ ਕਿ ਰਵੀਨਾ ਉਰਫ ਟੀਨਾ 22 ਅਕਤੂਬਰ 2018 ਤੋਂ ਲਾਪਤਾ ਹੈ। ਸੀ ਬੀ ਆਈ ਦੇ ਸਾਬਕਾ ਡੀ ਆਈ ਜੀ ਅਸ਼ਵਨੀ ਕੁਮਾਰ ਨੇ ਇਸ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਦਿੱਤੀ ਹੈ।

## ਪਾਕਿ ਇਸਲਾਮਿਕ ਦੇਸ਼ ਦੀ ਥਾਂ ਧਰਮ ਨਿਰਪੱਖ ਬਣੇ: ਰਾਵਤ

ਪੁਣੇ, 2 ਦਸੰਬਰ (ਪੋਸਟ ਬਿਊਰੋ)- ਭਾਰਤੀ ਫੌਜ ਦੇ ਮੁਖੀ ਬਿਪਿਨ ਰਾਵਤ ਨੇ ਕਿਹਾ ਹੈ ਕਿ ਪਾਕਿਸਤਾਨ ਨੂੰ ਇਸਲਾਮਿਕ ਦੇਸ਼ ਦੀ ਥਾਂ ਧਰਮ ਨਿਰਪੱਖ ਦੇਸ਼ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਭਾਰਤ ਨਾਲ ਚੰਗੇ ਰਿਸ਼ਤੇ ਬਣਾਉਣੇ ਹਨ ਤਾਂ ਪਾਕਿਸਤਾਨ ਨੂੰ ਧਰਮ ਨਿਰਪੱਖ ਬਣਨਾ ਹੀ ਪਏਗਾ। ਨੈਸ਼ਨਲ ਡਿਫੈਂਸ ਅਕੈਡਮੀ (ਐਨ ਡੀ ਏ) ਵਿੱਚ ਪਾਸਿੰਗ ਆਊਟ ਪਰੇਡ ਵੇਲੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ, 'ਇਕੱਠਿਆਂ ਜਾਂ ਵੱਖ ਰਹਿਣਾ ਪਾਕਿਸਤਾਨ ਦੇ ਹੱਥ ਹੈ। ਪਾਕਿਸਤਾਨ ਨੂੰ ਅੰਦਰੂਨੀ ਹਾਲਾਤ ਦੇਖਣੇ ਪੈਣਗੇ। ਉਸ ਨੇ ਆਪਣੇ ਦੇਸ਼ ਨੂੰ ਇਸਲਾਮਿਕ ਬਣਾ ਦਿੱਤਾ ਹੈ, ਜਦ ਕਿ ਅਸੀਂ ਧਰਮ ਨਿਰਪੱਖ ਦੇਸ਼ ਹਾਂ।' ਜਨਰਲ ਰਾਵਤ ਨੇ ਕਿਹਾ ਕਿ ਦੋਵੇਂ ਦੇਸ਼ ਇਕੱਠੇ ਕਿਵੇਂ ਰਹਿ ਸਕਦੇ ਹਨ, ਜਦੋਂ ਪਾਕਿਸਤਾਨ ਆਖਦਾ ਹੈ ਕਿ ਉਹ ਇਸਲਾਮਿਕ ਦੇਸ਼ ਹੈ ਤੇ ਹੋਰ ਕਿਸੇ ਲਈ ਉਸ ਕੋਲ ਕੋਈ ਭੂਮਿਕਾ ਹੀ ਨਹੀਂ ਹੈ।

## ਬਹਿਰੀਨ ਰਾਜ ਘਰਾਣੇ ਦੇ ਜ਼ਖਮੀ ਡਰਾਈਵਰ ਨੂੰ 1.56 ਕਰੋੜ ਦਾ ਮੁਆਵਜ਼ਾ ਦੇਣ ਦਾ ਹੁਕਮ

ਸੰਗਰੂਰ, 2 ਦਸੰਬਰ (ਪੋਸਟ ਬਿਊਰੋ)- ਮੋਟਰ ਐਕਸੀਡੈਂਟਲ ਟ੍ਰਿਬਿਊਨਲ ਸੰਗਰੂਰ ਦੇ ਜੱਜ ਗੌਰਵ ਕਾਲੀਆ ਨੇ ਦੋ ਸਾਲ ਪਹਿਲਾਂ ਇਕ ਸੜਕ ਹਾਦਸੇ ਵਿੱਚ ਗੰਭੀਰ ਜ਼ਖਮੀ ਤੇ ਨਾਕਾਰਾ ਹੋਏ ਬਹਿਰੀਨ ਰਾਜ ਘਰਾਣੇ ਦੇ ਡਰਾਈਵਰ ਸ਼ਿੰਦਰ ਸਿੰਘ ਦੀ ਪਤਨੀ ਰਾਜਿੰਦਰ ਕੌਰ ਵੱਲੋਂ ਮੁਆਵਜ਼ੇ ਦੀ ਅਪੀਲ ਦਾ ਨਿਪਟਾਰਾ ਕਰਦਿਆਂ ਹੁਕਮ ਦਿੱਤਾ ਹੈ ਕਿ ਸ਼ਿੰਦਰ ਸਿੰਘ ਨੂੰ 1,56,45000 ਰੁਪਏ ਦੇ ਮੁਆਵਜ਼ੇ ਦਾ ਵਿਆਜ ਸਮੇਤ ਭੁਗਤਾਨ ਕੀਤਾ ਜਾਵੇ।

ਸ਼ਿਕਾਇਤ ਕਰਤਾ ਧਿਰ ਵੱਲੋਂ ਬੀਮਾ ਕਲੇਮ ਮਾਮਲਿਆਂ ਦੇ ਮਾਹਰ ਵਕੀਲ ਸੰਜੀਵ ਗੋਇਲ ਨੇ ਦੱਸਿਆ ਕਿ ਸ਼ਿੰਦਰ ਸਿੰਘ (53) ਪਿੰਡ ਮੰਡਵੀ ਜ਼ਿਲਾ ਸੰਗਰੂਰ ਪਿਛਲੇ ਕਈ ਸਾਲਾਂ ਤੋਂ ਬਹਿਰੀਨ ਰਾਜ ਘਰਾਣੇ ਦੇ ਡਰਾਈਵਰ ਵਜੋਂ ਕੰਮ ਕਰ ਰਿਹਾ ਸੀ, ਜਿਥੇ ਉਹ ਹੋਰ ਸਹੂਲਤਾਂ ਦੇ ਨਾਲ 800 ਬਹਿਰੀਨ ਦਿਨਾਰ ਪ੍ਰਤੀ ਮਹੀਨਾ ਤਨਖਾਹ ਲੈਂਦਾ ਸੀ, ਜਿਹੜੇ ਭਾਰਤੀ ਕਰੰਸੀ ਮੁਤਾਬਕ ਇਕ ਲੱਖ 36 ਹਜ਼ਾਰ ਰੁਪਏ ਹੁੰਦੇ ਸਨ। ਬੀਤੀ ਛੇ ਸਤੰਬਰ 2016 ਨੂੰ ਉਹ ਚਾਰ ਮਹੀਨਿਆਂ ਦੀ ਛੁੱਟੀ ਲੈ ਕੇ ਆਪਣੇ ਘਰ ਆਇਆ ਤਾਂ ਦੋ ਅਕਤੂਬਰ 2016 ਸ਼ਾਮ ਨੂੰ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ। ਇਕ ਕਾਰ, ਜਿਸ ਨੂੰ ਜਸਵਿੰਦਰ ਸਿੰਘ ਵਾਸੀ ਦੀਲਵਾਲ (ਪਟਿਆਲਾ) ਚਲਾ ਰਿਹਾ ਸੀ, ਨੇ ਉਸ ਨੂੰ ਟੱਕਰ ਮਾਰ ਦਿੱਤੀ। ਪੁਲਸ ਥਾਣਾ ਖਨੌਰੀ ਨੇ ਕਾਰ ਦੇ ਚਾਲਕ ਅਤੇ ਮਾਲਕ ਜਸਵਿੰਦਰ ਸਿੰਘ ਦੇ ਖਿਲਾਫ ਕੇਸ ਦਰਜ ਕੀਤਾ ਸੀ। ਇਸ ਹਾਦਸੇ ਵਿੱਚ ਸ਼ਿੰਦਰ ਸਿੰਘ ਪੱਕੇ ਤੌਰ ਉੱਤੇ ਨਾਕਾਰਾ ਹੋ ਗਿਆ। ਮੋਟਰ ਐਕਸੀਡੈਂਟਲ ਕਲੇਮਜ਼ ਟ੍ਰਿਬਿਊਨਲ ਸੰਗਰੂਰ ਨੇ ਮੁਆਵਜ਼ੇ ਲਈ ਅਪੀਲ ਦੇ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ ਹੁਕਮ ਦਿੱਤਾ ਹੈ ਕਿ ਹਾਦਸੇ ਦਾ ਦੋਸ਼ੀ ਕਾਰ ਚਾਲਕ ਅਤੇ ਮਾਲਕ ਜਸਵਿੰਦਰ ਸਿੰਘ ਹਾਦਸੇ ਵਿੱਚ ਨਾਕਾਰਾ ਹੋਏ ਬਹਿਰੀਨ ਰਾਜ ਘਰਾਣੇ ਦੇ ਡਰਾਈਵਰ ਸ਼ਿੰਦਰ ਸਿੰਘ ਨੂੰ 1,56,45000 ਰੁਪਏ ਸੱਤ ਪ੍ਰਤੀਸ਼ਤ ਵਿਆਜ ਸਮੇਤ ਅਦਾ ਕਰੇ। ਇਸ ਮੁਆਵਜ਼ੇ ਦੀ ਹਰ ਪਾਸੇ ਚਰਚਾ ਹੈ।

# ਯੋਗੀ ਆਦਿਤਿਆਨਾਥ ਵੱਲੋਂ ਹਨੂੰਮਾਨ ਦੀ ਜਾਤ ਦੱਸਣ ਦੇ ਬਾਅਦ ਹੰਗਾਮੇ ਤੇਜ਼

ਜੈਪੁਰ, 2 ਦਸੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੱਲੋਂ ਹਨੂੰਮਾਨ ਨੂੰ ਦਲਿਤ ਦੱਸੇ ਜਾਣ ਪਿੱਛੋਂ ਖੜਾ ਹੋਇਆ ਵਿਵਾਦ ਰੁਕਣ ਦਾ ਨਾਂ ਨਹੀਂ ਲੈ ਰਿਹਾ। ਕਾਂਗਰਸ ਪਾਰਟੀ ਨੇ ਯੋਗੀ ਆਦਿੱਤਿਆਨਾਥ ਦੇ ਖਿਲਾਫ ਚੋਣ ਕਮਿਸ਼ਨ ਕੋਲ ਵੀ ਸ਼ਿਕਾਇਤ ਕੀਤੀ ਅਤੇ ਯੋਗੀ 'ਤੇ ਗੜਬੜ ਫੈਲਾਉਣ ਦਾ ਦੋਸ਼ ਲਾਇਆ ਹੈ।

ਕਾਂਗਰਸ ਦੇ ਸੂਬਾਈ ਜਨਰਲ ਸਕੱਤਰ ਸੁਸ਼ੀਲ ਸ਼ਰਮਾ ਨੇ ਇਸ ਨੂੰ ਚੋਣ ਜ਼ਾਬਤੇ ਦਾ ਉਲੰਘਣ ਦੱਸਦੇ ਹੋਏ ਉਨ੍ਹਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮੌਕੇ ਯੋਗੀ ਆਦਿੱਤਿਆਨਾਥ ਦੀ ਕਾਟ ਲਈ ਕਾਂਗਰਸ ਕਲਿਕਾ ਪੀਠ ਦੇ ਸੰਤ ਆਚਾਰੀਆ ਪ੍ਰਮੋਦ ਕ੍ਰਿਸ਼ਨਨ ਨੂੰ ਮੈਦਾਨ ਵਿੱਚ ਲੈ ਆਈ ਹੈ। ਆਚਾਰੀਆ ਪ੍ਰਮੋਦ ਕ੍ਰਿਸ਼ਨਨ ਨੇ ਯੋਗੀ ਆਦਿੱਤਿਆਨਾਥ ਅਤੇ ਭਾਜਪਾ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਭਗਵਾਨ ਦੀ ਕੋਈ ਜਾਤ ਨਹੀਂ ਹੁੰਦੀ। ਲੰਕਾਪਤੀ ਰਾਵਣ ਨੇ ਹਨੂੰਮਾਨ ਦੀ ਜਾਤ ਦੱਸੀ ਸੀ, ਉਸ ਦਾ ਜੋ ਹਾਲ ਹੋਇਆ, ਸਭ ਜਾਣਦੇ ਹਨ। ਇਹੀ ਹਾਲ ਭਾਜਪਾ ਅਤੇ ਯੋਗੀ ਦਾ ਹੋਵੇਗਾ। ਦੇਸ਼ ਦੇ ਉਘੇ ਸੰਤਾਂ ਨਾਲ ਚਰਚਾ ਦਾ ਦਾਅਵਾ ਕਰਦੇ ਹੋਏ



ਉਨ੍ਹਾਂ ਕਿਹਾ ਕਿ ਪਹਿਲੀ ਪਹਿਲੀ ਵਾਰ ਸੰਤ ਭਾਜਪਾ ਦੇ ਖਿਲਾਫ ਅਤੇ ਕਾਂਗਰਸ ਦੇ ਸਮੱਰਥਨ ਵਿੱਚ ਆ ਰਹੇ ਹਨ। ਉਹ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ।

ਇਸ ਵਿਵਾਦ ਦੇ ਦੌਰਾਨ ਕੇਂਦਰੀ ਮਨੁੱਖੀ ਵਸੀਲਾ ਵਿਕਾਸ ਰਾਜ ਮੰਤਰੀ ਸੱਤਪਾਲ ਸਿੰਘ ਨੇ ਅਲਵਰ ਵਿੱਚ ਪ੍ਰਚਾਰ ਦੌਰਾਨ ਕਿਹਾ ਕਿ ਹਨੂੰਮਾਨ ਜੀ ਦਲਿਤ ਨਹੀਂ, ਆਰੀਆ ਨਸਲ ਦੇ ਸਨ। ਉਨ੍ਹਾਂ ਕਿਹਾ ਕਿ ਰਾਮ ਤੇ ਹਨੂੰਮਾਨ ਦੇ ਸਮੇਂ ਜਾਤੀ ਵਿਵਸਥਾ ਨਹੀਂ ਸੀ, ਓਦੋਂ ਵਰਣ ਵਿਵਸਥਾ ਸੀ। ਅਨੁਸੂਚਿਤ ਜਾਤੀ ਅਤੇ ਜਨ ਜਾਤੀ ਕਮਿਸ਼ਨ ਦੇ ਪ੍ਰਧਾਨ ਨੰਦ ਕੁਮਾਰ ਦਾ ਵੀ ਇਸ ਬਾਰੇ ਬਿਆਨ ਆਇਆ ਹੈ। ਉਨ੍ਹਾਂ ਕਿਹਾ ਕਿ ਹਨੂੰਮਾਨ ਦਲਿਤ ਨਹੀਂ, ਅਨੁਸੂਚਿਤ ਜਨਜਾਤੀ ਦੇ ਸਨ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਯੋਗੀ ਦੀ ਇਸ ਟਿੱਪਣੀ ਤੋਂ ਬਾਅਦ ਇਹ ਸਵਾਲ ਉਠਣ ਲੱਗ ਪਏ ਹਨ ਕਿ ਭਾਜਪਾ ਕਈ ਤਰ੍ਹਾਂ ਦੇ ਦਾਅਵਿਆਂ ਦੇ ਬਾਵਜੂਦ ਜਾਤੀਵਾਦ 'ਚ ਵਿਸ਼ਵਾਸ ਰੱਖਦੀ ਹੈ।


ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ | ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਦੁਪਹਿਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana Sales Rep

SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।

FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੇਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ ।

# ਸੰਪਾਦਕੀ

## ਬਰੈਂਪਟਨ ਈਸਟ – ਆਰ ਲਾਂਘਾ ਨਾ ਪਾਰ ਲਾਂਘਾ

ਸਿਆਸਤ ਵੱਗਦੇ ਪਾਣੀਆਂ ਵਰਗੀ ਵੀ ਹੁੰਦੀ ਹੈ ਜਿਸਦੀ ਦਿਸ਼ਾ ਦੀ ਥਾਹ ਪਾਉਣਾ ਔਖਾ ਹੁੰਦਾ ਹੈ ਅਤੇ ਅੱਥਰੇ ਘੋੜੇ ਵਰਗੀ ਵੀ ਜਿਸ ਵੱਲੋਂ ਪੈਦਾ ਕੀਤੇ ਹਾਲਾਤਾਂ ਅਤੇ ਸਥਿਤੀਆਂ ਦੀ ਹਨ੍ਹੇਰੀ ਨੂੰ ਲਗਾਮ ਪਾਉਣੀ ਮੁਸ਼ਕਲ ਹੁੰਦੀ ਹੈ। ਬਰੈਂਪਟਨ ਈਸਟ ਫੈਡਰਲ ਸੀਟ ਬਾਰੇ ਕੁੱਝ ਅਜਿਹਾ ਹੀ ਆਖਿਆ ਜਾ ਸਕਦਾ ਹੈ। ਮੈਂਬਰ ਪਾਰਲੀਮੈਂਟ ਰਾਜ ਗਰੇਵਾਲ ਨੂੰ ਦਰਪੇਸ਼ ਚੁਣੌਤੀਆਂ ਅਤੇ ਐਨ ਡੀ ਪੀ ਲੀਡਰ ਜਗਮੀਤ ਸਿੰਘ ਸਾਹਮਣੇ ਆਈ ਦੁਬਿਧਾ ਦੇ ਮੱਦੇਨਜ਼ਰ ਇਸ ਸੀਟ ਉੱਤੇ ਸਮੁੱਚੇ ਕੈਨੇਡਾ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

'ਬੇਸ਼ੱਕ ਰਾਜ ਗਰੇਵਾਲ ਪਿਛਲੇ ਦਿਨਾਂ ਤੋਂ ਇੱਕ ਵੱਡੀ ਮੰਝਧਾਰ ਵਿੱਚ ਫਸਿਆ ਆ ਰਿਹਾ ਹੈ ਅਤੇ ਉਸਦੀਆਂ ਮੁਸ਼ਕਲਾਂ ਹਾਲੇ ਦੂਰ ਨਹੀਂ ਹੋਈਆਂ ਹਨ ਪਰ ਬੀਤੇ ਸ਼ੁੱਕਰਵਾਰ ਉਸਨੇ ਫੇਸਬੁੱਕ ਉੱਤੇ ਇੱਕ ਵੀਡੀਓ ਪਾ ਕੇ ਆਪਣੀ ਸਥਿਤੀ ਨੂੰ ਸਪੱਸ਼ਟ ਕੀਤਾ ਹੈ। ਇਸ ਵੀਡੀਓ ਵਿੱਚ ਉਸਨੇ ਕੁੱਝ ਗੱਲਾਂ ਖੋਲੀਆਂ ਹਨ ਜੋ ਉਸਨੇ ਡਿੱਗਦੇ ਜਾਂਦੇ ਕੈਰੀਅਰ ਨੂੰ ਸਹਾਰਾ ਦੇਣ ਵਿੱਚ ਸਹਾਈ ਹੋ ਸਕਦੀਆਂ ਹਨ। ਰਾਜ ਦਾ ਆਖਣਾ ਹੈ ਕਿ ਬੇਸ਼ੱਕ ਜੂਏਬਾਜ਼ੀ ਦੀ ਮਾੜੀ ਆਦਤ ਕਾਰਣ ਉਸ ਸਿਰ ਕਰਜ਼ਾ ਚੜ ਗਿਆ ਸੀ ਪਰ ਆਪਣੇ ਪਰਿਵਾਰ, ਰਿਸ਼ਤੇਦਾਰਾਂ ਅਤੇ ਦੋਸਤਾਂ ਦੀ ਮਦਦ ਨਾਲ ਉਸਨੇ ਸਿਰ ਚੜੇ ਕਰਜ਼ੇ ਨੂੰ ਉਤਾਰ ਦਿੱਤਾ ਹੈ। ਰਾਜ ਦਾ ਇਹ ਵੀ ਆਖਣਾ ਹੈ ਕਿ ਉਹ ਆਪਣੀ ਸੀਟ ਨੂੰ ਖਾਲੀ ਨਹੀਂ ਕਰੇਗਾ ਸਗੋਂ ਹਾਲਾਤਾਂ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਹੋਏ ਅੱਗੇ ਤੁਰਨ ਲਈ ਸੋਚ ਸਮਝ ਕੇ ਕਦਮ ਪੁੱਟੇਗਾ। ਰਾਜ ਨੇ ਆਪਣੀ ਸੁਨੇਹੇ ਵਿੱਚ ਮਾਨਸਿਕ ਸਿਹਤ ਅਤੇ ਅਮਲ (Addiction) ਨਾਲ ਜੂਝਣ ਦੀ ਗੱਲ ਵੀ ਕੀਤੀ ਹੈ।

ਇੱਥੇ ਵਰਨਣਯੋਗ ਹੈ ਕਿ ਅਮਲ (Addiction) ਸ਼ਬਦ ਨੂੰ ਜਿੱਥੇ ਆਮ ਕਰਕੇ ਨਸ਼ੇ ਨਾਲ ਜੋੜ ਕੇ ਵੇਖਿਆ ਜਾਂਦਾ ਹੈ, ਉੱਥੇ ਇਹ ਸ਼ਬਦ ਹਰ ਕਿਸਮ ਦੇ ਅਮਲ/ਖਬਤ ਲਈ ਵੀ ਵਰਤਿਆ ਜਾਂਦਾ ਹੈ। ਪਤਾ ਲੱਗਾ ਹੈ ਕਿ ਰਾਜ ਗਰੇਵਾਲ ਸ਼ਾਕਾਹਾਰੀ ਵਿਅਕਤੀ ਹੈ ਜੋ ਕਿਸੇ ਕਿਸਮ ਦਾ ਨਸ਼ਾ ਨਹੀਂ ਕਰਦਾ। ਉਸਦੇ ਕੇਸ ਵਿੱਚ ਅਮਲ (Addiction) ਤੋਂ ਭਾਵ ਜੂਏ ਦੀ ਆਦਤ ਵਿੱਚ ਲੋੜੋਂ ਵੱਧ ਗ੍ਰਸਤ ਹੋਣ ਤੋਂ ਹੈ।

ਰਾਜ ਗਰੇਵਾਲ ਨੂੰ ਦਰਪੇਸ਼ ਨਿੱਜੀ ਅਤੇ ਰਾਜਨੀਤਕ ਪੱਧਰ ਔਖਿਆਈਆਂ ਦੇ ਚੱਲਦੇ ਇਹ ਆਖਣਾ ਮੁਸ਼ਕਲ ਹੈ ਕਿ ਉਸਦਾ ਸਿਆਸੀ ਅਤੇ ਪ੍ਰੋਫੈਸ਼ਨਲ ਭੱਵਿਖ/ਕੈਰੀਆ ਕਿਹੋ ਜਿਹਾ ਮੋੜ ਲਵੇਗਾ। ਕੀ ਲਿਬਰਲ ਕਾਕਸ ਵਿੱਚੋਂ ਨਿਕਲ ਚੁੱਕੇ ਰਾਜ ਗਰੇਵਾਲ ਨੂੰ 2019 ਦੀਆਂ ਚੋਣਾਂ ਤੋਂ ਪਹਿਲਾਂ ਲਿਬਰਲ ਪਾਰਟੀ ਮੁੜ ਸਵੀਕਾਰਨ ਦਾ ਹੀਆ ਕਰੇਗੀ? ਬੇਸ਼ੱਕ ਇਸ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਪਰ ਗਰਜ਼ਾਂ ਅਤੇ ਅਵਸਰਵਾਦ ਨਾਲ ਲਬਰੇਜ਼ ਸਿਆਸੀ ਲੈਂਡਸਕੇਪ ਵਿੱਚ ਅਜਿਹਾ ਹੋਣਾ ਸੌਖਾ ਕੰਮ ਵੀ ਨਹੀਂ ਹੋਵੇਗਾ।

ਦੂਜੇ ਪਾਸੇ ਰਾਜ ਗਰੇਵਾਲ ਦੀ ਸਥਿਤੀ ਨੇ ਐਨ ਡੀ ਪੀ ਅੰਦਰ ਇੱਕ ਵੱਖਰੀ ਕਿਸਮ ਦੀ ਚਰਚਾ ਨੂੰ ਛੇੜ ਦਿੱਤਾ ਹੈ। ਰਾਜ ਗਰੇਵਾਲ ਵੱਲੋਂ ਅਸਤੀਫ਼ਾ ਦੇਣ ਦੇ ਐਲਾਨ ਤੋਂ ਤੁਰੰਤ ਬਾਅਦ ਜਗਮੀਤ ਸਿੰਘ ਨੇ ਬਿਆਨ ਦਿੱਤਾ ਸੀ ਕਿ ਉਹ ਪਾਰਲੀਮੈਂਟ ਦੀ ਸੀਟ ਜਿੱਤਣ ਲਈ ਬ੍ਰਿਟਿਸ਼ ਕੋਲੰਬੀਆ ਦੀ ਬਰਨਬੀ ਸਾਊਥ ਰਾਈਡਿੰਗ ਨੂੰ ਛੱਡ ਕੇ ਬਰੈਂਪਟਨ ਈਸਟ ਨਹੀਂ ਆਵੇਗਾ। ਉਸਦੀ ਪੁਰਾਣੀ ਰਾਈਡਿੰਗ ਹੋਣ ਕਾਰਣ ਜਗਮੀਤ ਸਿੰਘ ਨੂੰ ਬਰੈਂਪਟਨ ਈਸਟ ਤੋਂ ਜਿੱਤਣਾ ਬਹੁਤਾ ਸੌਖਾ ਹੋ ਸਕਦਾ ਸੀ। ਉਸਦਾ ਛੋਟਾ ਭਰਾ ਗੁਰਰਤਨ ਸਿੰਘ ਚੰਦ ਮਹੀਨੇ ਪਹਿਲਾਂ ਇੱਥੇ ਤੋਂ ਜਿੱਤ ਕੇ ਕੁਈਨ ਪਾਰਕ ਗਿਆ ਹੈ। ਐਨ ਡੀ ਪੀ ਕਾਕਸ ਦਾ ਇੱਕ ਪ੍ਰਭਾਵਸ਼ਾਲੀ ਗੁੱਟ ਇਸ ਗੱਲ ਉੱਤੇ ਜੋਰ ਪਾ ਰਿਹਾ ਹੈ ਕਿ ਜਗਮੀਤ ਸਿੰਘ ਨੂੰ ਬਰਨਬੀ ਸਾਊਥ ਨੂੰ ਛੱਡ ਕੇ ਬਰੈਂਪਟਨ ਈਸਟ ਤੋਂ ਚੋਣ ਲੜਨੀ ਚਾਹੀਦੀ ਹੈ।

ਆਖਰ ਐਨ ਡੀ ਪੀ ਦੇ ਸੀਨੀਅਰ ਲੀਡਰਾਂ ਵੱਲੋਂ ਜਗਮੀਤ ਸਿੰਘ ਨੂੰ ਇਹ ਸਲਾਹ ਕਿਉਂ ਦਿੱਤੀ ਜਾ ਰਹੀ ਹੈ? ਕੀ ਦੁੱਚਿਤੀ ਭਰੀ ਸਥਿਤੀ ਪੈਦਾ ਕਰਕੇ ਉਹ ਜਗਮੀਤ ਸਿੰਘ ਦੇ ਸਿਆਸੀ ਕੈਰੀਅਰ ਨੂੰ ਖਤਮ ਕਰਨ ਦੀ ਚਾਲ ਰਚ ਰਹੇ ਹਨ? ਕੀ ਬਰੈਂਪਟਨ ਈਸਟ ਤੋਂ ਲੜਨ ਦਾ ਜ਼ਿਕਰ ਉਸਦੀ ਸਿਆਸੀ ਭਰੋਸੇਯੋਗਤਾ ਉੱਤੇ ਵੱਡਾ ਸੁਆਲੀਆ ਚਿੰਨ ਖੜਾ ਨਹੀਂ ਕਰੇਗਾ?

ਬਰੈਂਪਟਨ ਨੂੰ ਕੈਨੇਡਾ ਦੀ ਸਿਆਸੀ ਪ੍ਰਯੋਗਸ਼ਾਲਾ ਕਿਹਾ ਜਾਂਦਾ ਹੈ। ਅੱਜ ਕੱਲ ਬਰੈਂਪਟਨ ਈਸਟ ਰਾਈਡਿੰਗ ਖਲਾਅ ਵਿੱਚ ਲਟਕਦੇ ਤ੍ਰਿਸ਼ੰਕੂ ਵਰਗੀ ਹੈ ਜਿਸ ਬਾਰੇ ਕੋਈ ਕੁੱਝ ਨਹੀਂ ਆਖ ਸਕਦਾ, ਇੱਥੇ ਤੱਕ ਕਿ ਜਗਮੀਤ ਸਿੰਘ ਅਤੇ ਰਾਜ ਗਰੇਵਾਲ ਵੀ ਨਹੀਂ। ਹਾਲ ਦੀ ਘੜੀ ਇਹਨਾਂ ਦੋਵਾਂ ਦਾ ਆਪਣੇ ਸਿਆਸੀ ਪੱਤੇ ਹਿੱਕ ਕੋਲ ਰੱਖ ਕੇ ਅਗਲੀ ਗੱਲ ਕਰਨ ਵਿੱਚ ਭਲਾ ਹੋਵੇਗਾ। ਸਿਆਸਤ ਵਿੱਚ ਕੈਰੀਅਰ ਦੇ ਸਿਖ਼ਰ ਜਾ ਪੁੱਜਣ ਜਾਂ ਸਿਖਰੋਂ ਥੱਲੇ ਆ ਜਾਣ ਨੂੰ ਕਿਆਸਣਾ ਬਹੁਤ ਮੁਸ਼ਕਲ ਜੋ ਹੁੰਦਾ ਹੈ।

## ਗੰਨਾ ਬਕਾਏ ਲਈ ਧਰਨਾ ਦੇਣ ਪੁੱਜੇ ਸੁਖਬੀਰ ਬਾਦਲ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ

ਮੋਰਿੰਡਾ, 2 ਦਸੰਬਰ, (ਪੋਸਟ ਬਿਊਰੋ)- ਕਿਸਾਨਾਂ ਦੇ ਗੰਨੇ ਦੀ ਬਕਾਇਆ ਰਕਮ ਲੇਣ ਵਾਸਤੇ ਲਾਏ ਰੋਸ ਧਰਨੇ ਵਿੱਚ ਸ਼ਾਮਲ ਹੋਣ ਲਈ ਅੱਜ ਜਦੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਾਫ਼ਲਾ ਇਸ ਸ਼ਹਿਰ ਵਿੱਚ ਪੁੱਜਾ ਤਾਂ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰਾਂ ਨੇ ਸਰਬਜੀਤ ਸਿੰਘ ਜੱਸੀ ਅਤੇ ਹਰਜੀਤ ਸਿੰਘ ਦੀ ਅਗਵਾਈ ਵਿੱਚ ਸੁਖਬੀਰ ਸਿੰਘ ਬਾਦਲ ਦਾ ਕਾਲੀਆਂ ਝੰਡੀਆਂ ਤੇ ਤਖ਼ਤੀਆਂ ਨਾਲ ਵਿਰੋਧ ਕੀਤਾ। ਇਸ ਮੌਕੇ ਉਨ੍ਹਾਂ ਨੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਨਾਲ ਸਬੰਧਾਂ ਕਾਰਨ ਸੁਖਬੀਰ ਸਿੰਘ ਬਾਦਲ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਓਥੇ ਮੌਜੂਦ ਪੁਲੀਸ ਨੇ ਅਕਾਲੀ ਦਲ (ਅ) ਦੇ ਵਰਕਰਾਂ ਨੂੰ ਧਰਨੇ ਵਾਲੇ ਸਥਾਨ 'ਤੇ ਜਾਣ ਤੋਂ ਰੋਕ ਦਿੱਤਾ।

ਇਸੇ ਦੌਰਾਨ ਮੋਰਿੰਡਾ ਵਿਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੀ ਕੈਪਟਨ ਸਰਕਾਰ ਦੀਆਂ ਨੀਤੀਆਂ ਕਾਰਨ ਕਿਸਾਨ ਆਪਣੀ ਫ਼ਸਲ ਦੀ ਅਦਾਇਗੀ ਲਈ ਸੜਕਾਂ 'ਤੇ ਰੁਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਕਿਸਾਨਾਂ ਦੇ ਗੰਨੇ ਦੇ ਬਕਾਏ ਦੀ ਅਦਾਇਗੀ ਇੱਕ ਮਹੀਨੇ ਵਿੱਚ ਨਾ ਕੀਤੀ ਤਾਂ ਅਕਾਲੀ ਦਲ ਸੰਘਰਸ਼ ਨੂੰ ਤੇਜ਼ ਕਰੇਗਾ।

ਉਨ੍ਹਾਂ ਨਾਲ ਮੌਜੂਦ ਪਾਰਲੀਮੈਂਟ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਦੋਵਾਂ ਦੇਸ਼ਾਂ ਵਿਚਾਲੇ ਅਮਨ ਗੱਲਬਾਤ ਦੀ ਪੇਸ਼ਕਸ ਦਾ ਅਕਾਲੀ ਦਲ ਬਾਦਲ ਵੱਲੋਂ ਸਵਾਗਤ ਕੀਤਾ ਜਾਂਦਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਕਿ ਦੋਵਾਂ ਦੇਸ਼ਾਂ ਦੇ ਰਿਸ਼ਤੇ ਹੋਰ ਮਜ਼ਬੂਤ ਕਰਨ ਲਈ ਜਲਦੀ ਤੋਂ ਜਲਦੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨਾਲ ਮੁਲਾਕਾਤ ਕੀਤੀ ਜਾਵੇ।

ਅਕਾਲੀ ਦਲ ਬਾਦਲ ਵੱਲੋਂ ਲਾਏ ਗਏ ਇਸ ਰੋਸ ਧਰਨੇ ਵਿੱਚ ਹਾਜ਼ਰੀ ਕਾਫੀ ਘੱਟ ਰਹੀ। ਸੀਨੀਅਰ ਯੂਥ ਅਕਾਲੀ ਆਗੂ ਗੁਰਬਿੰਦਰ ਸਿੰਘ ਡੂਮਛੇੜੀ ਨੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਧਰਨੇ 'ਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਕਿਸਾਨਾਂ ਲਈ ਧਰਨੇ ਲਾਉਣ ਦੀ ਯਾਦ ਕਿਵੇਂ ਆ ਗਈ, ਅਕਾਲੀ ਸਰਕਾਰ ਸਮੇਂ ਕਿਸਾਨਾਂ ਦੇ ਬਕਾਏ 2-2 ਸਾਲ ਬਾਅਦ ਦਿੱਤੇ ਜਾਂਦੇ ਸਨ। ਉਨ੍ਹਾਂ ਬਾਦਲ ਦੇ ਧਰਨੇ ਨੂੰ ਸਿਆਸੀ ਜੁਮਲਾ ਕਰਾਰ ਦਿੱਤਾ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia, Gyan Singh, Angrej Singh
Office Admin Assistant - Priya Sodhi
Marketing Executives - HS Nagpal, Gurpreet Singh Pall
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਕਰਤਾਰਪੁਰ ਲਾਂਘਾ : ਰਚਿਆ ਗਿਆ ਇਤਿਹਾਸ

ਸ਼ੰਗਾਰਾ ਸਿੰਘ ਭੁੱਲਰ



ਪਿਛਲੇ ਸਤੱਰਾਂ ਬਹੱਤਰਾਂ ਵਰ੍ਹਿਆਂ ਤੋਂ ਯਾਨੀ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤਕ ਅਸੀਂ ਨਿੱਤ ਦਿਨ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਨਿਵਾ ਕੇ ਪੰਥ ਤੋਂ ਵਿਛੋੜੇ ਗਏ ਸਿੱਖ ਗੁਰਧਾਮਾਂ ਦੇ ਦਰਸ਼ਨ ਦੀਦਾਰ ਦੀ ਜਿਹੜੀ ਅਰਦਾਸ ਕਰਦੇ ਰਹੇ ਹਾਂ, ਉਹ ਆਖਰ ਪੂਰੀ ਹੋ ਗਈ ਹੈ। ਜਿਸ ਪਾਵਨ ਪਵਿਤਰ ਥਾਂ ਕਰਤਾਰਪੁਰ ਸਾਹਿਬ ਵਿਖੇ ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਦੇ ਆਖਰੀ ਸਾਲਾਂ ਵਿਚ ਵਾਹੀ ਖੇਤੀ ਕਰਕੇ ''ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ'' ਦਾ ਸੰਦੇਸ਼ ਦਿਤਾ ਹੁਣ ਉਹ ਥਾਂ ਵਿਸ਼ਵ ਵਿਚ ਵਸਦੇ ਸਿੱਖ ਸ਼ਰਧਾਲੂਆਂ ਲਈ ਦਰਸ਼ਨਾਂ ਲਈ ਖੋਲ੍ਹ ਦਿਤੀ ਗਈ ਹੈ। ਭਾਰਤ ਵਾਲੇ ਪਾਸਿਉਂ ਦੇਸ਼ ਦੇ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡੇਹਰਾ ਬਾਬਾ ਨਾਨਕ ਨੇੜੇ ਪਿੰਡ ਮਾਨ ਵਿਚ ਲਾਂਘੇ ਲਈ ਨੀਂਹ ਪੱਥਰ ਰੱਖ ਦਿਤਾ ਹੈ। ਪਾਕਿਸਤਾਨ ਵਾਲੇ ਪਾਸਿਉਂ ਇਹ ਸ਼ੁਭ ਕਾਰਜ ਖੁਦ ਪਾਕਿਸਤਾਨ ਦੇ ਪ੍ਰਧਾਨ ਇਮਰਾਨ ਖਾਨ ਅਤੇ ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਕਰ ਦਿਤਾ ਗਿਆ ਹੈ। ਦੋ ਰਾਵਾਂ ਨਹੀਂ ਕਿ ਆਜ਼ਾਦੀ ਤੋਂ ਪਿਛੋਂ ਚਾਰ ਮੌਕਿਆਂ ਤੇ ਵਿਸ਼ਵ ਵਿਚ ਵਸਦੇ ਸਿੱਖ ਸ਼ਰਧਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ, ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਅਤੇ ਵਿਸਾਖੀ ਮੌਕੇ ਸਾਲ ਵਿਚ ਚਾਰ ਵਾਰ ਪਾਕਿਸਤਾਨ ਵਿਚਲੇ ਸਿੱਖ ਗੁਰਧਾਮਾਂ ਦੀ ਯਾਤਰਾ ਕਰਨ ਜਾਂਦੇ ਹਨ। ਇਸ ਲਈ ਮੁੱਖ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕਰਦੀ ਹੈ। ਉਧਰ ਇਨ੍ਹਾਂ ਸਿੱਖ ਯਾਤਰੂਆਂ ਦੀ ਰਿਹਾਇਸ਼ ਅਤੇ ਸਾਂਭ ਸੰਭਾਲ ਦਾ ਜ਼ਿਮਾਂ ਉਕਾਫ ਬੋਰਡ ਕੋਲ ਸੀ ਪਰ ਜਦੋਂ ਤੋਂ ਉਥੇ ਵੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਗਈ ਹੈ ਉਦੋਂ ਤੋਂ ਸਾਂਭ ਸੰਭਾਲ ਦਾ ਜ਼ਿੰਮਾ ਇਸ ਦੇ ਹਵਾਲੇ ਹੈ।

ਇਹ ਸ਼ਰਧਾਲੂ ਭਾਵੇਂ ਪਾਕਿਸਤਾਨ ਜਾਂਦੇ ਹਨ ਪਰ ਇਨ੍ਹਾਂ ਨੂੰ ਲਾਹੌਰ, ਨਨਕਾਣਾ ਸਾਹਿਬ, ਪੰਜਾ ਸਾਹਿਬ, ਐਮਨਾਬਾਦ, ਰਾਵਲਪਿੰਡੀ, ਇਕ ਦੋ ਹੋਰ ਥਾਵਾਂ 'ਤੇ ਲਿਜਾਇਆ ਜਾਂਦਾ ਹੈ। ਪਹਿਲਾਂ ਕਰਤਾਰਪੁਰ ਸਾਹਿਬ ਨਹੀਂ ਸੀ ਜਾਣ ਦਿਤਾ ਜਾਂਦਾ ਪਰ ਹੁਣ ਇਹ ਉਥੇ ਜਾ ਸਕਣਗੇ। ਇਨ੍ਹਾਂ ਦਾ ਲਾਂਘਾ ਡੇਹਰਾ ਬਾਬਾ ਨਾਨਕ ਜ਼ਰੀਏ ਹੋਵੇਗਾ ਜਿਥੋਂ ਇਹ ਗੁਰਦੁਆਰਾ ਲਗਭਗ ਚਾਰ ਕਿਲੋਮੀਟਰ ਦੂਰ ਹੈ। ਇਸ ਵਿਚਕਾਰ ਦਰਿਆ ਰਾਵੀ ਵੀ ਪੈਂਦਾ ਹੈ।

ਬਿਨਾਂ ਸ਼ੱਕ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰ ਦੀ ਮੰਗ ਬੜੀ ਚਿੱਰਕਾਲੀ ਹੈ। ਠੋਸ ਆਧਾਰ ਉਦੋਂ ਬਣਿਆ ਜਦੋਂ ਇਕ ਤਾਂ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਬਣਨ ਅਤੇ ਦੂਜਾ ਨਵਜੋਤ ਸਿੰਘ ਸਿੱਧੂ ਦੇ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਬਨਣ ਸਮੇਂ ਸਹੁੰ ਚੁੱਕੇ ਜਾਣ ਦੇ ਇਜਲਾਸ ਵਿਚ ਪਹੁੰਚਾ। ਪਾਕਿਸਤਾਨੀ ਫੌਜ ਦੇ ਮੁੱਖੀ ਜਨਰਲ ਬਾਜਵਾ ਨੇ ਨਵਜੋਤ ਸਿੱਧੂ ਨੂੰ ਜਫ਼ੀ ਵਿਚ ਲੈਂਦਿਆਂ ਇਹ ਕਿਹਾ ਕਿ ਪਾਕਿਸਤਾਨ ਸਰਕਾਰ ਛੇਤੀ ਹੀ ਕਰਤਾਰਪੁਰ ਲਾਂਘਾ ਖੋਹਲ ਰਹੀ ਹੈ। ਦੁਨੀਆ ਵਿਚ ਵਸਦੇ ਸਿੱਖਾਂ ਲਈ ਇਹ ਬੜੀ ਵੱਡੀ ਖੁਸ਼ੀ ਦੀ ਖਬਰ ਸੀ ਜਿਹੜੀ ਨਵਜੋਤ ਸਿੱਧੂ ਜ਼ਰੀਏ ਉਨ੍ਹਾਂ ਨੂੰ ਮਿਲੀ ਸੀ। ਖਬਰ ਤਾਂ ਵਾਕਿਆ ਈ ਖੁਸ਼ੀ ਦੀ ਸੀ। ਇਸ ਵਿਚ ਚੂੰਕਿ ਦੋ ਮੁਲਕ ਪਾਕਿਸਤਾਨ ਅਤੇ ਭਾਰਤ ਸ਼ਾਮਲ ਸਨ। ਇਸ ਲਈ ਪਾਕਿਸਤਾਨ ਨੇ ਤਾਂ ਲਗਭਗ ਪਹਿਲ ਕਰ ਹੀ ਦਿਤੀ ਸੀ। ਭਾਰਤ ਆਪਣੇ ਸੁਭਾਅ ਮੁਤਾਬਕ ਨੰਨਾ ਪਾ ਕੇ ਬੈਠ ਗਿਆ। ਉਲਟਾ ਸਿੱਧੂ ਉਤੇ ਤਰ੍ਹਾਂ-ਤਰ੍ਹਾਂ ਦੇ ਇਲਜ਼ਾਮ ਲਾਏ ਜਾਣ ਲੱਗੇ। ਕਿਸੇ ਨੇ ਉਸ ਨੂੰ ਗਦਾਰ ਕਿਹਾ। ਕਿਸੇ ਨੇ ਦੇਸ਼ ਧ੍ਰੋਹੀ ਅਤੇ ਇਕ ਦੋ ਨੇ ਉਸ ਵਿਰੁਧ ਮੁਕਦਮੇ ਵੀ ਦਰਜ਼ ਕਰਵਾ ਦਿਤੇ। ਕੁਝ ਨੇ ਤਾਂ ਉਸ ਨੂੰ ਵਜ਼ੀਰੀ ਤੋਂ ਲਾਹ ਦੇਣ ਦੀ ਗੱਲ ਵੀ ਆਖ ਦਿੱਤੀ। ਕੁਝ ਇਕ ਨੇ ਤਾਂ ਏਨਾ ਕਹਿ ਕੇ ਵੀ ਜ਼ਬਾਨ ਦੀ ਉੱਲੀ ਝਾੜ ਲਈ ਕਿ ਉਹ ਭਾਰਤੀ ਫੌਜੀਆਂ ਦੇ ਕਾਤਲ ਪਾਕਿਸਤਾਨੀਆਂ ਨਾਲ ਜਫ਼ੀਆਂ ਪਾਈ ਫਿਰਦਾ ਹੈ। ਇਹ ਭਾਰਤੀ ਸ਼ਹੀਦਾਂ ਦਾ ਨਿਰਾਦਰ ਹੈ। ਜਿੰਨੇ ਮੂੰਹ ਉਨੀਆਂ ਗੱਲਾਂ। ਸ਼੍ਰੋਮਣੀ ਅਕਾਲੀ ਦਲ ਜਿਹੜਾ ਖੁਦ ਇਸ ਲਾਂਘੇ ਲਈ ਵੱਡਾ ਝੰਡਾ ਬਰਦਾਰ ਬਣਿਆ ਹੋਇਆ ਸੀ, ਉਹ ਵੀ ਸਿੱਧੂ ਨੂੰ ਗੌਲਣ ਲੱਗਾ ਅੱਗਾ ਪਿਛਾ ਨਹੀਂ ਸੀ ਵੇਖ ਰਿਹਾ। ਤਾਂ ਵੀ ਸਿੱਧੂ ਆਪਣੀ ਧੁਨ ਦਾ ਪੱਕਾ ਰਿਹਾ। ਉਹ ਕੇਂਦਰੀ ਵਜ਼ੀਰਾਂ ਖਾਸ ਕਰਕੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਿਲਦਾ ਰਿਹਾ ਅਤੇ ਇਸ ਲਾਂਘੇ ਦੀ ਪੈਰਵੀ ਕਰਦਾ ਰਿਹਾ।

ਅੱਜ ਜਦੋਂ ਇਹ ਲਾਂਘਾ ਖੁਲ ਰਿਹਾ ਹੈ ਤਾਂ ਇਸ ਦਾ ਸਿਹਰਾ ਲੈਣ ਲਈ ਸਾਰੇ ਹੀ ਦੌੜ ਵਿਚ ਸ਼ਾਮਲ ਹੋ ਗਏ ਹਨ। ਉਹ ਲੋਕ ਵੀ ਜਿਹੜੇ ਪਾਕਿਸਤਾਨ ਅਤੇ ਨਵਜੋਤ ਸਿੰਘ ਨੂੰ ਬੁਰਾ ਭਲਾ ਕਹਿੰਦੇ ਨਹੀਂ ਸਨ ਥੱਕਦੇ। ਅਸਲ ਵਿਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਤਾਂ ਸ਼ੁਰੂ ਵਿਚ ਹੀ ਮਨ ਬਣਾ ਲਿਆ ਸੀ। ਜੇ ਢਿੱਲ ਮੱਠ ਸੀ ਤਾਂ ਉਹ ਭਾਰਤ ਵਾਲੇ ਪਾਸਿਉਂ ਸੀ। ਆਖਰ ਇਹ ਦੋਹਾਂ ਮੁਲਕਾਂ ਦਾ ਸਾਂਝਾ ਕੰਮ ਸੀ। ਹੁਣ ਜਦੋਂ ਗੁਰੂ ਨਾਨਕ ਦੇਵ ਜੀ ਦਾ ਅਗਲੇ ਵਰ੍ਹੇ 550ਵਾਂ ਪ੍ਰਕਾਸ਼ ਉਤਸਵ ਵਿਸ਼ਵ ਭਰ ਵਿਚ ਮਨਾਇਆ ਜਾ ਰਿਹਾ ਹੈ ਤਾਂ ਇਸ ਤੋਂ ਭਲਾ ਹੋਰ ਕਿਹੜਾ ਬਿਹਤਰ ਮੌਕਾ ਹੋ ਸਕਦਾ ਸੀ ਇਹ ਲਾਂਘਾ ਖੋਹਲਣ ਦਾ? ਭਾਰਤ ਸਰਕਾਰ ਨੇ ਵੀ ਇਸ ਦਾ ਇਕ ਤੀਰ ਦੋ ਨਿਸ਼ਾਨੇ ਲਾ ਕੇ ਲਾਹਾ ਲੈਣਾ ਮੁਨਾਸਬ ਸਮਝਿਆ। ਇਸ ਨਾਲ ਸਿੱਖ ਤਾਂ ਖੁਸ਼ ਹੋ ਹੀ ਜਾਣਗੇ। ਦੂਜਾ 2019 ਦੀਆਂ ਲੋਕਸਭਾ ਚੋਣਾ ਵਿਚ ਮੋਦੀ ਦੀ ਪਾਰਟੀ ਨੂੰ ਫਾਇਦਾ ਹੋ ਜਾਵੇਗਾ। ਪਾਕਿਸਤਾਨ ਵਾਲੇ ਪਾਸਿਉਂ ਸਿਰਫ ਗੁਰੂ ਨਾਨਕ ਦੇਵ ਜੀ ਦੇ ਜੀਵਨ ਫਲਸਫ਼ੇ ਨੂੰ ਮਹੱਤਤਾ ਦਿਤੀ ਗਈ ਕਿਉਂਕਿ ਬਾਬਾ ਨਾਨਕ ਨੇ ਅਵਤਾਰ ਆਖਰ ਉਸ ਧਰਤੀ 'ਤੇ ਧਾਰਿਆ ਸੀ। ਅੱਜ ਵੀ ਉਸ ਧਰਤੀ 'ਤੇ ਬਾਬਾ ਨਾਨਕ ਦੇ ਨਾਂ ਨਾਲ ਜੁੜੀਆਂ ਕਈ ਯਾਦਾਂ ਹਨ। ਨਨਕਾਣਾ ਸਾਹਿਬ ਜੋ ਉਸ ਵੇਲੇ ਰਾਏ ਭੋਏ ਦੇ ਪਿੰਡ ਤਲਵੰਡੀ ਵਜੋਂ ਜਾਣਿਆ ਜਾਂਦਾ ਸੀ ਹੁਣ ਇਕ ਜ਼ਿਲ੍ਹਾ ਹੈ। ਇਥੇ ਬਾਬਾ ਨਾਨਕ ਦੇ ਨਾਂ 'ਤੇ ਇਕ ਯੂਨੀਵਰਸਿਟੀ ਵੀ ਕੰਮ ਕਰ ਰਹੀ ਹੈ। ਇਮਰਾਨ ਖਾਨ ਨੇ ਇਕ ਸੱਚੇ ਸ਼ਰਧਾਲੂ ਵਜੋਂ ਇਸ ਖੁਸ਼ੀ ਦੇ ਮੌਕੇ 'ਤੇ ਕਰਤਾਰਪੁਰ ਦਾ ਲਾਂਘਾ ਖੋਹਲ ਕੇ ਯਕੀਨਨ ਹੀ ਸਿੱਖ ਸ਼ਰਧਾਲੂਆਂ ਖਾਸ ਕਰਕੇ ਆਪਣੇ ਦੋਸਤ ਨਵਜੋਤ ਸਿੰਘ ਸਿੱਧੂ ਦਾ ਦਿਲ ਜਿੱਤ ਲਿਆ ਹੈ।

ਇਹ ਜ਼ਿਕਰ ਮਹਿਜ਼ ਇਤਫ਼ਾਕ ਹੀ ਹੋਵੇਗਾ ਕਿ ਇਮਰਾਨ ਖਾਨ ਅਤੇ ਨਵਜੋਤ ਸਿੰਘ ਸਿੱਧੂ ਕੌਮਾਂਤਰੀ ਕ੍ਰਿਕਟ ਮੈਚਾਂ ਸਮੇਂ ਆਪਸ ਵਿਚ ਬੜੇ ਨਿੱਘੇ ਦੋਸਤ ਰਹੇ ਹਨ। ਦੋਹਾਂ ਵਿਚ ਇਕ ਬੁਨਿਆਦੀ ਸਾਂਝ ਇਹ ਹੈ ਕਿ ਉਹ ਦੋਵੇਂ ਕ੍ਰਿਕਟ ਦੀ ਦੁਨੀਆਂ ਤੋਂ ਸਿਆਸਤ ਵਿਚ ਸ਼ਾਮਲ ਹੋਏ ਹਨ। ਇਮਰਾਨ ਖਾਨ ਕੌਮੀ ਸਿਆਸਤ ਵਿਚ ਅਤੇ ਨਵਜੋਤ ਸਿੱਧੂ ਸੂਬਾਈ ਸਿਆਸਤ ਵਿਚ ਹਾਲਾਂਕਿ ਉਹ ਸ਼ਾਮਲ ਤਾਂ ਕੌਮੀ ਸਿਆਸਤ ਵਿਚ ਹੀ ਹੋਇਆ ਸੀ ਪਰ ਉਸ ਦੀ ਪਾਰਟੀ ਦੇ ਕਰਤਾ ਧਰਤਾ ਜਾਂ ਤਾਂ ਉਸ ਦੀ ਕਾਬਲੀਅਤ ਅਤੇ ਦੇਸ਼ ਸੇਵਾ ਦੇ ਜਜ਼ਬੇ ਨੂੰ ਪਛਾਣ ਨਹੀਂ ਸਕੇ ਜਾਂ ਫਿਰ ਜਾਣ ਬੁੱਝ ਕੇ ਨਜ਼ਰਅੰਦਾਜ਼ ਕਰਦੇ ਰਹੇ। ਅਸਲ ਵਿਚ ਉਹ ਸਿਆਸਤ ਵਿਚ ਕੁਝ ਕਰ ਗੁਜ਼ਰਨਾ ਲੋਚਦਾ ਹੈ। ਲੀਡਰ ਉਸ ਨੂੰ ਰਾਹ ਨਹੀਂ ਸਨ ਦੇ ਰਹੇ। ਸ਼ਾਇਦ ਇਸੇ ਲਈ ਉਹ ਭਾਰਤੀ ਜਨਤਾ ਪਾਰਟੀ ਤੋਂ ਕਾਂਗਰਸ ਵਿਚ ਸ਼ਾਮਲ ਹੋ ਗਿਆ। ਪਿਛਲੇ ਡੇਢ ਸਾਲ ਵਿਚ ਮੰਤਰੀ ਵਜੋਂ ਉਹਦਾ ਕੰਮ ਜ਼ਿਕਰਯੋਗ ਰਿਹਾ ਹੈ। ਕਰਤਾਰਪੁਰ ਲਾਂਘੇ ਦੇ ਜ਼ਿਕਰ ਨਾਲ ਉਹ ਕੌਮਾਂਤਰੀ ਸੁਰਖੀਆਂ ਵਿਚ ਆ ਗਿਆ ਹੈ। ਇਮਰਾਨ ਖ਼ਾਨ ਨੇ ਵੀ ਉਹਦੇ ਨਾਲ ਪੂਰੀ ਦੋਸਤੀ ਨਿਭਾਈ। ਉਹਨੂੰ ਪ੍ਰਧਾਨ ਮੰਤਰੀ ਦੇ ਸਹੁ ਚੁੱਕ ਸਮਾਗਮ 'ਤੇ ਵੀ ਬੁਲਾਇਆ ਅਤੇ ਹੁਣ ਫਿਰ ਕਰਤਾਰਪੁਰ ਲਾਂਘੇ ਦੇ ਨੀਂਹ ਪੱਥਰ ਦੀ ਰਸਮ ਵੇਲੇ ਵੀ। ਕਿਹਾ ਜਾ ਸਕਦਾ ਹੈ ਕਿ ਇਮਰਾਨ ਖਾਨ ਅਤੇ ਨਵਜੋਤ ਸਿੱਧੂ ਵਿਚ ਕ੍ਰਿਕਟ ਖੇਡਦਿਆਂ ਬਣੀ ਸਹਿਜ ਸੁਭਾਅ ਦੋਸਤੀ ਨੇ ਭਾਰਤ ਅਤੇ ਪਾਕਿਸਤਾਲ ਦੋ ਮੁਲਕਾਂ ਵਿਚ ਇਕ ਵਾਰੀ ਫਿਰ ਦੋਸਤੀ ਦਾ ਪੁਲ ਖੋਹਲ ਦਿਤਾ ਹੈ। ਲੋੜ ਇਸ ਪੁਲ ਦੀ ਸਲਾਮਤੀ ਨੂੰ ਬਰਕਰਾਰ ਰਖਣਾ ਹੋਵੇਗਾ।

ਉਂਜ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਇਹ ਯਤਨ ਕੋਈ ਨਵੇਂ ਨਹੀਂ ਸਗੋਂ ਢੇਰ ਚਿਰ ਪੁਰਾਣੇ ਹਨ। ਪੰਜਾਬ ਦੇ ਪ੍ਰਸਿੱਧ ਅਕਾਲੀ ਲੀਡਰ ਜਥੇਦਾਰ ਕੁਲਦੀਪ ਸਿੰਘ ਵਡਾਲਾ ਪਿਛਲੇ 18 ਵਰ੍ਹਿਆਂ ਤੋਂ ਸਮੇਂ ਸਮੇਂ ਆਪਣੇ ਜਥੇ ਨਾਲ ਡੇਹਰਾ ਬਾਬਾ ਨਾਨਕ ਸਾਹਿਬ ਵਾਲੇ ਪਾਸੇ ਆ ਕੇ ਅਰਦਾਸ ਕਰਦੇ ਰਹੇ ਹਨ। ਇਕ ਰਿਪੋਰਟ ਮੁਤਾਬਕ ਉਹ ਘਟੋ ਘੱਟ 214 ਵਾਰ ਇਥੇ ਆ ਕੇ ਅਰਦਾਸ ਕਰ ਚੁੱਕੇ ਹਨ ਅਤੇ ਆਪਣੀ ਇਹ ਇੱਛਾ ਦਿਲ ਵਿਚ ਹੀ ਲੈ ਕੇ ਉਹ ਇਥੋਂ ਹਮੇਸ਼ਾਂ ਲਈ ਰੁਖ਼ਸਤ ਹੋ ਗਏ ਹਨ। ਜਥੇਦਾਰ ਕੁਲਦੀਪ ਸਿੰਘ ਵਡਾਲਾ ਐਮ ਐਲ ਏ ਵੀ ਰਹੇ। ਹੁਣ ਇਹੀਓ ਜ਼ਿਮੇਵਾਰੀ ਉਨ੍ਹਾਂ ਦੇ ਪੁੱਤਰ ਗੁਰਪ੍ਰਤਾਪ ਸਿੰਘ ਵਡਾਲਾ ਨਿਭਾ ਰਹੇ ਹਨ। ਸ੍ਰੀ ਵਡਾਲਾ ਵੀ ਇਸ ਵੇਲੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ। ਇਸ ਤੋਂ ਬਿਨਾਂ ਹੋਰ ਵੀ ਲੱਖਾਂ ਅਭਿਲਾਸ਼ੀ ਇਸੇ ਤਾਂਘ ਵਿਚ ਹਨ। ਨੀਂਹ ਪੱਥਰ ਰਖੇ ਜਾਣ 'ਤੇ ਭਾਵੇਂ ਕੁਝ ਕੁ ਬੇਸਵਾਦੀ ਵੀ ਹੋਈ ਜਦੋਂ ਪੰਡਾਲ ਵਿਚ ਬੈਠੀਆਂ ਸੰਗਤਾਂ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਭਾਸ਼ਨ ਵੇਲੇ ਹੂਟਿੰਗ ਸ਼ੁਰੂ ਕਰ ਦਿਤੀ। ਸੁਨੀਲ ਜਾਖੜ ਦੀ ਇਕ ਟਿਪੱਣੀ 'ਤੇ ਵੀ ਹਿਲ ਜੁਲ ਹੋਈ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਫੌਜ ਮੁੱਖੀ ਬਾਜਵਾ ਨੂੰ ਬਾਜ ਆਉਣ ਲਈ ਲਲਕਾਰ ਹੀ ਦਿਤਾ।

ਇਹ ਦਸਣਾ ਕੁਥਾਂ ਨਹੀਂ ਹੋਵੇਗਾ ਕਿ ਭਾਰਤ ਅਤੇ ਪਾਕਿਸਤਾਨ ਗੁਆਂਢੀ ਦੇਸ਼ ਹਨ। ਬਦਕਿਸਮਤੀ ਨਾਲ ਦੋਹਾਂ ਦੀ ਸ਼ੁਰੂ ਤੋਂ ਹੀ ਆਪਸ ਵਿਚ ਨਹੀਂ ਬਣ ਸਕੀ ਜਾਂ ਬਨਣ ਨਹੀਂ ਦਿਤੀ ਗਈ। ਵਜ੍ਹਾ ਦੋਹਾਂ ਮੁਲਕਾਂ ਦੇ ਆਪੋ ਆਪਣੇ ਹਾਲਾਤ ਹਨ। ਭਾਰਤ ਲੋਕਰਾਜੀ ਹੈ ਅਤੇ ਪਾਕਿਸਤਾਨ ਲੋਕਰਾਜ ਦੇ ਸਾਏ ਹੇਠ ਫੌਜੀ ਹਕੂਮਤ ਵਾਲਾ। ਪਾਕਿਸਤਾਨ ਵਿਚ ਚੁਣੀ ਸਰਕਾਰ ਨਾਲੋਂ ਫੌਜ ਵਧੇਰੇ ਤਾਕਤਵਰ ਮੰਨੀ ਜਾਂਦੀ ਹੈ ਅਤੇ ਹੈ ਵੀ। ਇਸ ਦਾ ਸਪਸ਼ਟ ਸਿੱਧਾ ਸਬੂਤ ਫੌਜੀ ਜਰਨੈਲਾਂ ਵਲੋਂ ਸਿਵਲੀਅਨਾਂ ਸਰਕਾਰਾਂ ਦੇ ਸਮੇਂ ਸਮੇਂ ਤਖਤੇ ਪਲਟ ਦੇਣਾ ਹੈ। ਇਹ ਸਿਲਸਿਲਾ ਆਯੂਬ ਖਾਨ ਤੋਂ ਸ਼ੁਰੂ ਹੋਇਆ ਅਤੇ ਜਨਰਲ ਪਰਵੇਜ਼ ਮੁਸ਼ਰਫ਼ ਤੱਕ ਹਾਵੀ ਰਿਹਾ। ਹੁਣ ਨਵੇਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਹਨ ਜਿਹੜੇ ਸਿਆਸੀ ਅਤੇ ਆਪਸੀ ਰਿਸ਼ਤਿਆਂ ਦੇ ਨਾਲ ਨਾਲ ਫੌਜ ਦੀਆਂ ਕਈ ਬਰੀਕੀਆਂ ਨੂੰ ਭਲੀ ਭਾਂਤ ਜਾਣਦੇ ਹਨ। ਉਹ ਪਾਕਿਸਤਾਨ ਦੇ ਵਿਰੋਧੀ ਧਿਰ ਦੇ ਨੇਤਾ ਵੀ ਰਹੇ ਹਨ। ਉਸਦੀ ਪ੍ਰਧਾਨ ਮੰਤਰੀ ਬਣਨ ਤੋਂ ਲੈ ਕੇ ਹੁਣ ਤਕ ਭਾਰਤ ਪ੍ਰਤੀ ਪਹੁੰਚ ਲਗਭਗ ਹਾਂ ਪੱਖੀ ਹੀ ਰਹੀ ਹੈ। ਜ਼ਰੂਰੀ ਹੈ ਕਿ ਅੱਗੋਂ ਵੀ ਇਹੋ ਜਿਹੀ ਹਾਂ ਪੱਖੀ ਸੋਚ ਦਾ ਹੁੰਗਾਰਾ ਮਿਲੇ। ਤਾਂ ਵੀ ਹਾਲ ਦੀ ਘੜੀ ਇਹ ਮੰਨ ਕੇ ਚਲਣਾ ਚਾਹੀਦਾ ਹੈ ਕਿ ਦੋਹਾਂ ਦੇਸਾਂ ਵਿਚ ਆਪਸੀ ਰਿਸ਼ਤਿਆਂ ਦੀ ਇਕ ਨਵੀਂ ਦਾਸਤਾਨ ਸ਼ੁਰੂ ਹੋਈ ਹੈ ਅਤੇ ਦੋਵੇਂ ਇਸ ਨੂੰ ਨਿਭਾਉਣ ਦਾ ਯਤਨ ਕਰਨਗੇ।

ਮੋਬਾਈਲ 98141 22870

## ਫਰਾਂਸ 'ਚ ਫਿਊਲ ਕੀਮਤਾਂ ਵਧਣ ਕਾਰਨ ਰੋਸ ਪ੍ਰਦਰਸ਼ਨ ਹਿੰਸਕ ਹੋਣ ਲੱਗੇ

*** ਸਰਕਾਰ ਐਮਰਜੈਂਸੀ ਲਾਗੂ ਕਰਨ 'ਤੇ ਵਿਚਾਰ ਕਰਨ ਲੱਗੀ**

ਪੈਰਿਸ, 2 ਦਸੰਬਰ, (ਪੋਸਟ ਬਿਊਰੋ)- ਫਰਾਂਸ ਵਿਚ ਫਿਊਲ, ਤੇਲ, ਪੈਟਰੋਲ, ਗੈਸ ਆਦਿ ਦੀਆਂ ਵਧਦੀਆਂ ਕੀਮਤਾਂ ਦੇ ਵਿਰੁੱਧ ਲੋਕਾਂ ਦਾ ਪ੍ਰਦਰਸ਼ਨ ਹਿੰਸਕ ਹੋ ਗਿਆ ਹੈ। ਸਰਕਾਰੀ ਬੁਲਾਰੇ ਬੈਂਜਮਿਨ ਗ੍ਰੀਵੋਕਸ ਨੇ ਦੱਸਿਆ ਕਿ ਪ੍ਰਦਰਸ਼ਨ ਵਿੱਚ 100 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਇਸ ਮਾਮਲੇ ਵਿਚ ਪੁਲਸ 280 ਲੋਕਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਸਥਿਤੀ ਇੰਨੀ ਖਰਾਬ ਹੋ ਚੁੱਕੀ ਹੈ ਕਿ ਸ਼ਨੀਵਾਰ ਨੂੰ ਕੁਝ ਨੌਜਵਾਨਾਂ ਨੇ ਸੈਂਟਰਲ ਪੈਰਿਸ ਵਿਚ ਕਈ ਗੱਡੀਆਂ ਅਤੇ ਇਮਾਰਤਾਂ ਨੂੰ ਅੱਗ ਲਾ ਦਿੱਤੀ। ਇਸ ਦੇ ਬਾਅਦ ਸਰਕਾਰ ਐਮਰਜੈਂਸੀ ਲਾਗੂ ਕਰਨ 'ਤੇ ਵਿਚਾਰ ਕਰਨ ਲੱਗ ਪਈ ਹੈ। ਗ੍ਰੀਵੋਕਸ ਨੇ ਕਿਹਾ, 'ਸਾਨੂੰ ਅਜਿਹੀ ਕਾਰਵਾਈ ਕਰਨੀ ਹੋਵੇਗੀ ਕਿ ਇਹੋ ਜਿਹੀ ਹਰਕਤ ਦੁਬਾਰਾ ਨਾ ਹੋਵੇ।'

ਵਰਨਣ ਯੋਗ ਕਿ ਪੈਰਿਸ ਵਿਚ ਆਮ ਮਹਿੰਗਾਈ ਅਤੇ ਪੈਟਰੋਲ ਦੀਆਂ ਕੀਮਤਾਂ ਵਧਣ ਵਿਰੁੱਧ ਬੀਤੇ 2 ਹਫਤਿਆਂ ਤੋਂ ਪ੍ਰਦਰਸ਼ਨ ਚੱਲ ਰਹੇ ਹਨ। ਇਨ੍ਹਾਂ ਪ੍ਰਦਰਸ਼ਨਾਂ ਨੂੰ 'ਯੇਲੋ ਵੈੱਸਟ' ਦਾ ਨਾਮ ਦਿੱਤਾ ਗਿਆ ਹੈ। ਪ੍ਰਦਰਸ਼ਨਕਾਰੀ ਪੀਲੇ ਰੰਗ ਦੀਆਂ ਵੈੱਸਟ ਪਹਿਨ ਕੇ ਪ੍ਰਦਰਸ਼ਨ ਕਰਦੇ ਹਨ। ਇਸ ਦੇ ਤਹਿਤ ਫਰਾਂਸ ਵਿਚ ਪੁਲਸ ਅਤੇ ਸਰਕਾਰ ਵਿਰੋਧੀ ਪ੍ਰਦਰਸ਼ਨ ਕਰਨ ਵਾਲਿਆਂ ਵਿਚਾਲੇ ਮੱਧ ਪੈਰਿਸ ਸਮੇਤ ਕਈ ਇਲਾਕਿਆਂ ਵਿਚ ਝੜਪ ਹੋਈ। ਹਿੰਸਕ ਹੋ ਗਏ ਲੋਕਾਂ ਨੇ ਪੁਲਸ ਉਤੇ ਪੱਥਰਬਾਜ਼ੀ ਕੀਤੀ ਤਾਂ ਸਥਿਤੀ ਸੰਭਾਲਣ ਲਈ ਪੁਲਸ ਨੂੰ ਹੰਝੂ ਗੈਸ ਦੇ ਗੋਲੇ ਛੱਡਣੇ ਪਏ।

ਇਸ ਦੌਰਾਨ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰਾਂ ਨੇ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਕਿਸੇ ਹੀ ਤਰ੍ਹਾਂ ਦੀ ਹਿੰਸਾ ਬਰਦਾਸ਼ਤ ਨਹੀਂ ਕਰਨਗੇ। ਰਾਸ਼ਟਰਪਤੀ ਮੈਕਰਾਂ, ਪ੍ਰਧਾਨ ਮੰਤਰੀ ਤੇ ਅੰਦਰੂਨੀ ਮਾਮਲਿਆਂ ਦੇ ਮੰਤਰੀ ਨਾਲ ਮੀਟਿੰਗ ਕਰ ਕੇ ਦੰਗਾ ਭੜਕਾਉਣ ਵਾਲਿਆਂ ਨਾਲ ਨਜਿੱਠਣ ਅਤੇ ਪ੍ਰਦਰਸ਼ਨ ਕਰਨ ਵਾਲਿਆਂ ਨਾਲ ਗੱਲਬਾਤ ਦਾ ਰਸਤਾ ਕੱਢਣ ਬਾਰੇ ਚਰਚਾ ਕਰ ਰਹੇ ਹਨ। ਪਰੇਸ਼ਾਨੀ ਇਹ ਹੈ ਕਿ ਪ੍ਰਦਰਸ਼ਨਕਾਰੀਆਂ ਦਾ ਕੋਈ ਆਗੂ ਚਿਹਰਾ ਨਹੀਂ ਹੈ, ਜਿਸ ਨਾਲ ਸਰਕਾਰ ਗੱਲਬਾਤ ਸ਼ੁਰੂ ਕਰ ਸਕੇ।

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Aikam MEDIA GROUP
Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132''
88''
8 Seated Sofa
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਸ਼ਹੀਦੀ ਸਮਾਰਕਾਂ ਦਾ ਸਤਿਕਾਰ ਕਰਨ ਦੀ ਲੋੜ

-ਬਿਕਰਮਜੀਤ ਸਿੰਘ ਜੀਤ



ਅੰਮ੍ਰਿਤਸਰ ਦਾ ਜਲ੍ਹਿਆਂਵਾਲਾ ਬਾਗ 13 ਅਪ੍ਰੈਲ 1919 ਦੀ ਵਿਸਾਖੀ ਨੂੰ ਰੌਲਟ ਐਕਟ ਦੇ ਵਿਰੁੱਧ ਪੁਰਅਮਨ ਰੋਸ ਪ੍ਰਗਟ ਕਰਦੇ ਸੈਂਕੜੇ ਲੋਕਾਂ ਨੂੰ ਬ੍ਰਿਟਿਸ਼ ਸਰਕਾਰ ਦੇ ਫੌਜੀ ਅਫਸਰ ਜਨਰਲ ਡਾਇਰ ਵੱਲੋਂ ਅੰਨ੍ਹੇ-ਵਾਹ ਗੋਲੀਆਂ ਚੱਲਵਾ ਕੇ ਸ਼ਹੀਦ ਕੀਤੇ ਜਾਣ ਦਾ ਗਵਾਹ ਹੈ। ਜਲ੍ਹਿਆਂਵਾਲੇ ਬਾਗ ਦੇ ਇਤਿਹਾਸਕ ਗਲੀ-ਨੁਮਾ ਮੁੱਖ ਦਰਵਾਜ਼ੇ (ਜਿਸ ਰਾਹੀਂ ਜਨਰਲ ਡਾਇਰ ਆਪਣੀਆਂ ਫੌਜਾਂ ਲੈ ਕੇ ਅੰਦਰ ਵੜਿਆ ਸੀ), ਤੋਂ ਜਦੋਂ ਲੇਖਕ ਅੰਦਰ ਜਾ ਰਿਹਾ ਸੀ ਤਾਂ ਉਥੇ ਕੁਝ ਅੱਲੜ੍ਹ ਉਮਰ ਦੀਆਂ ਲੜਕੀਆਂ ਅਜੀਬ ਜਿਹੇ ਮੂੰਹ ਬਣਾ ਕੇ ਆਪਣੇ ਮੋਬਾਈਲ ਨਾਲ ਸੈਲਫੀਆਂ ਖਿੱਚ ਰਹੀਆਂ ਸਨ। ਗਲੀ ਖਤਮ ਹੋਣ ਉੱਤੇ ਇਕ ਖੁੱਲ੍ਹਾ ਵਿਹੜਾ ਹੈ, ਜਿਥੇ ਇਕ ਲਾਲ ਪੱਥਰ ਉੱਤੇ ਨਿਸ਼ਾਨਦੇਹੀ ਕਰਕੇ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਲਿਖਿਆ ਹੈ, 'ਲੋਕਾਂ ਉੱਤੇ ਗੋਲੀ ਇਥੋਂ ਚਲਾਈ ਗਈ ਸੀ।' ਪੱਥਰ ਦੇ ਕੋਲੋਂ ਲੰਘ ਰਹੇ ਸੈਲਾਨੀ ਇਸ ਨੂੰ ਅਣਗੌਲਿਆਂ ਕਰਕੇ ਅੱਗੇ ਲੰਘ ਰਹੇ ਸਨ।

ਇਸ ਜਗ੍ਹਾ ਤੋਂ ਐਨ ਸਾਹਮਣੇ ਵਿਚਕਾਰ ਜਲ੍ਹਿਆਂਵਾਲੇ ਬਾਗ ਦਾ ਸ਼ਹੀਦੀ ਸਮਾਰਕ ਨਜ਼ਰੀਂ ਪੈਂਦਾ ਹੈ। ਇਸ ਦੇ ਖੱਬੇ ਹੱਥ 'ਸ਼ਹੀਦੀ ਖੂਹ' ਹੈ, ਜਿਸ ਵਿੱਚ ਡਾਇਰ ਦੀਆਂ ਗੋਲੀਆਂ ਤੋਂ ਬਚਦੇ ਹੋਏ ਲੋਕ ਜਾ ਡਿੱਗੇ ਸਨ। ਇਸ ਜਗ੍ਹਾ ਵੀ ਨਿਸ਼ਾਨਦੇਹੀ ਕਰਕੇ ਉਸੇ ਤਰ੍ਹਾਂ ਦੇ ਇਕ ਚਨੁਕਰੇ ਲਾਲ ਪੱਥਰ ਉੱਤੇ ਚਾਰ ਭਾਸ਼ਾਵਾਂ ਵਿੱਚ ਇਹ ਲਿਖਿਆ ਗਿਆ ਹੈ, 'ਗੋਲੀ ਤੋਂ ਜਾਨ ਬਚਾਉਣ ਵਾਸਤੇ ਲੋਕ ਦੌੜਦੇ-ਦੌੜਦੇ ਇਸ ਖੂਹ ਵਿੱਚ ਡਿੱਗ ਪਏ। ਇਸ ਖੂਹ ਦੀ ਮੌਣ ਜ਼ਮੀਨ ਸਤ੍ਹਾ ਦੇ ਬਰਾਬਰ ਸੀ। ਇਸ ਖੂਹ ਵਿੱਚੋਂ 120 ਵਿਅਕਤੀਆਂ ਦੀਆਂ ਲਾਸ਼ਾਂ ਕੱਢੀਆਂ ਗਈਆਂ।' ਇਥੇ ਉਹ ਪੁਰਾਤਨ ਦੀਵਾਰਾਂ ਵੀ ਮੌਜੂਦ ਹਨ, ਜਿਨ੍ਹਾਂ 'ਤੇ ਗੋਲੀਆਂ ਦੇ ਨਿਸ਼ਾਨ ਹਾਲੇ ਵੀ ਵੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਇਥੇ ਇਕ ਅਮਰ ਜੋਤੀ ਦੀ ਸਥਾਪਤ ਕੀਤੀ ਗਈ ਹੈ ਤੇ ਸ਼ਹੀਦਾਂ ਦੀ ਯਾਦ ਵਿੱਚ ਤਸਵੀਰਾਂ ਵਾਲੀ ਇਕ ਸ਼ਹੀਦੀ ਚਿੱਤਰਸ਼ਾਲਾ ਵੀ ਹੈ। ਇਥੇ ਅਜਾਇਬ ਘਰ ਨੁਮਾ ਇਕ ਹਾਲ ਵੀ ਹੈ, ਜਿਥੇ ਸ਼ੀਸ਼ੇ ਵਿੱਚ ਰੱਖੀ ਉਹ ਗਾਗਰ ਮੌਜੂਦ ਹੈ, ਜਿਸ ਵਿੱਚ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ 19 ਜੁਲਾਈ 1974 ਨੂੰ ਭਾਰਤ ਲਿਆਂਦੀਆਂ ਗਈਆਂ ਸਨ। ਇਥੇ ਉਸ ਸਾਕੇ ਦੇ ਦਿਨ ਮਾਰੇ ਗਏ ਇਕ ਵਿਅਕਤੀ ਦੀ ਜੇਬ ਵਿੱਚੋਂ ਕੱਢੇ ਗਏ ਸਿੱਕੇ ਰੱਖੇ ਹੋਏ ਹਨ, ਜਿਨ੍ਹਾਂ ਵਿੱਚ ਇਕ ਅਜਿਹਾ ਸਿੱਕਾ ਵੀ ਹੈ, ਜਿਸ 'ਤੇ ਗੋਲੀ ਵੱਜੀ ਸੀ। ਇਥੇ ਕੁਝ ਉਹ ਪੁਸਤਕਾਂ ਵੀ ਰੱਖੀਆਂ ਗਈਆਂ ਹਨ, ਜਿਨ੍ਹਾਂ ਉਤੇ ਉਸ ਸਮੇਂ ਦੀ ਬ੍ਰਿਟਿਸ਼ ਸਰਕਾਰ ਨੇ ਰੋਕ ਲਾਈ ਸੀ। ਇਨ੍ਹਾਂ ਵਿੱਚੋਂ ਇਕ ਪੁਸਤਕ 'ਬਾਗੇ ਜਲਿਆਂ' (ਹਿੰਦੀ) ਤੇ ਦੂਜੀ ਫਿਰੋਜ਼ਦੀਨ ਸ਼ਰਫ ਦੀ 'ਦੁਖਾਂ ਦੇ ਕੀਰਨੇ' ਹੈ, ਜੋ ਪੰਜਾਬ ਖਾਲਸਾ ਪ੍ਰੈਸ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ ਨੇ ਛਾਪੀ ਸੀ। ਇਸ ਤੋਂ ਬਿਨਾ ਇਥੇ ਅੰਗਰੇਜ਼ਾਂ ਵੱਲੋਂ ਲੋਕਾਂ 'ਤੇ ਕੀਤੇ ਜ਼ੁਲਮਾਂ ਦੀ ਦਾਸਤਾਨ ਬਿਆਨ ਕਰਦੀਆਂ ਕੁਝ ਇਤਿਹਾ-ਸਕ ਤਸਵੀਰਾਂ ਵੀ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ।

ਸ਼ਹੀਦੀ ਸਮਾਰਕ ਦੇ ਆਲੇ ਦੁਆਲੇ ਅਨੇਕਾਂ ਲੋਕ ਘੁੰਮ ਫਿਰ ਰਹੇ ਸਨ। ਇਥੇ ਵੀ ਲਗਭਗ ਹਰ ਵਿਅਕਤੀ ਦੇ ਹੱਥ ਵਿੱਚ ਮੋਬਾਈਲ ਜਾਂ ਕੈਮਰਾ ਸੀ ਤੇ ਉਹ ਇਕ ਦੂਜੇ ਦੀਆਂ ਵੱਖ-ਵੱਖ ਪੋਜ਼ ਵਿੱਚ ਤਸਵੀਰਾਂ ਖਿੱਚ ਰਹੇ ਸਨ। ਥੋੜ੍ਹਾ ਹੋਰ ਅਗਾਂਹ ਕੁਝ ਨੌਜਵਾਨ ਸੈਲਾਨੀ ਲੜਕੇ ਹਾਸਾ ਮਖੌਲ ਕਰਨ ਰੁੱਝੇ ਹੋਏ ਰੌਲਾ ਪਾ ਰਹੇ ਸਨ। ਉਥੇ ਮੌਜੂਦ ਲਗਭਗ ਹਰ ਨੌਜਵਾਨ ਸਿਰਫ ਮੌਜ ਮਸਤੀ ਕਰ ਰਿਹਾ ਸੀ। ਕੁਝ ਨੌਜਵਾਨ ਲੜਕੇ ਮੋਬਾਈਲ 'ਤੇ ਗੀਤ ਲਾ ਕੇ ਸੁਣ ਰਹੇ ਸਨ।

ਇਹ ਸਭ ਕੁਝ ਦੇਖ ਕੇ ਲੇਖਕ ਇਹ ਸੋਚਣ ਲਈ ਮਜਬੂਰ ਹੋ ਗਿਆ ਕਿ ਜੋ 1919 ਵਿੱਚ ਭਾਣਾ ਵਾਪਰਿਆ ਸੀ, ਕੀ ਉਸ ਨੂੰ ਕੋਈ ਯਾਦ ਵੀ ਕਰ ਰਿਹਾ ਹੈ ਜਾਂ ਨਹੀਂ? ਇਥੇ ਮੌਜੂਦ ਲੋਕਾਂ ਨੂੰ ਡਾਇਰ ਵੱਲੋਂ ਇਸ ਜਗ੍ਹਾ ਨਿਹੱਥੇ, ਬੇਦੋਸ਼ੇ ਤੇ ਮਜ਼ਲੂਮ ਲੋਕਾਂ 'ਤੇ ਚਲਾਈਆਂ ਗੋਲੀਆਂ ਦੀ ਆਵਾਜ਼ ਕਿਉਂ ਨਹੀਂ ਸੁਣਦੀ? ਲੱਗਦਾ ਸੀ ਕਿ ਜਲ੍ਹਿਆਂਵਾਲੇ ਬਾਗ ਦਾ ਉਹ ਸ਼ਹੀਦੀ ਖੂਹ, ਜਿਸ ਵਿੱਚ ਲੋਕ ਆਪਣੀਆਂ ਜਾਨਾਂ ਬਚਾਉਂਦੇ ਜਾ ਡਿੱਗੇ ਸਨ, ਪਿਕਨਿਕ ਸਪਾਟ ਬਣ ਗਿਆ ਹੋਵੇ ਤੇ ਲੋਕ ਇਥੇ ਸਿਰਫ ਫੋਟੋਆਂ ਖਿਚਾਉਣ ਆਏ ਹਨ। ਇਹ ਸਭ ਕੁਝ ਦੇਖ ਕੇ, ਖਾਸ ਕਰਕੇ ਨਵੀਂ ਪੀੜ੍ਹੀ ਦਾ ਇਸ ਅਹਿਸਾਸ ਤੋਂ ਵਿਰਵੇ ਅਤੇ ਸੰਵੇਦਨਹੀਣ ਹੋਣਾ, ਮਹਿਸੂਸ ਕਰਕੇ ਲੇਖਕ ਦੇ ਮਨ ਨੂੰ ਕਾਫੀ ਠੇਸ ਪਹੁੰਚੀ।

ਅੰਮ੍ਰਿਤਸਰ ਹੀ ਨਹੀਂ, ਸਗੋਂ ਸਮੁੱਚੇ ਪੰਜਾਬ ਦੀ ਧਰਤੀ ਹੱਕ, ਸੱਚ, ਨਿਆਂ ਤੇ ਆਜ਼ਾਦੀ ਲਈ ਜੂਝ ਮਰਨ ਵਾਲੇ ਅਨੇਕਾਂ ਸ਼ਹੀਦਾਂ ਦੀਆਂ ਕਈ ਕੌਮੀ ਯਾਦਗਾਰਾਂ, ਸਮਾਧਾਂ, ਸਮਾਰਕਾਂ ਨਾਲ ਭਰੀ ਪਈ ਹੈ। ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਅਚੇਤ ਜਾਂ ਸੁਚੇਤ ਰੂਪ ਵਿੱਚ ਇਨ੍ਹਾਂ ਦੀ ਸ਼ਹੀਦੀ ਦਾ ਅਪਮਾਨ ਨਾ ਕਰੀਏ। ਸ਼ਹੀਦਾਂ ਦੀਆਂ ਯਾਦਗਾਰਾਂ ਉਤੇ ਸੰਵੇਦਨਸ਼ੀਲ ਹੋ ਕੇ ਸਤਿਕਾਰ ਦੀ ਭਾਵਨਾ ਪ੍ਰਗਟ ਕਰਨੀ ਚਾਹੀਦੀ ਹੈ। ਸ਼ਹੀਦਾਂ ਦੀ ਕੁਰਬਾਨੀ ਦਾ ਸਤਿਕਾਰ ਕਰਨਾ ਹੀ ਸਾਡੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

# ਗੁਆਚੀ ਹੋਈ ਕੰਨਾਂ ਦੀ ਵਾਲ਼ੀ ਮੋੜਨ ਦੀ ਖ਼ੁਸ਼ੀ

-ਦਰਸ਼ਨ ਸਿੰਘ 'ਆਸ਼ਟ'-



ਸੱਤਵੀਂ 'ਚ ਪੜ੍ਹਦਾ ਸਾਂ। ਘਰ ਵਿੱਚ ਇਕੋ ਮੱਝ ਰਹਿ ਗਈ ਸੀ ਜਿਸ ਨੂੰ 'ਬਾਹਰਲੇ ਘਰ' ਬੰਨ੍ਹਦੇ ਸਾਂ। ਰਾਤੀਂ ਦਰਵਾਜ਼ੇ ਨੂੰ ਜਿੰਦਾ ਲਾ ਆਉਂਦੇ ਸਾਂ। ਇਕ ਦਿਨ ਸਵੇਰੇ-ਸਵੇਰੇ ਹਲਕੀ-ਹਲਕੀ ਕਿਣਮਿਣ ਹੋ ਕੇ ਹਟੀ ਸੀ। ਬੇਬੇ ਗੋਹੇ ਦਾ ਤਸਲਾ ਰੂੜੀ 'ਤੇ ਸੁੱਟਣ ਜਾ ਰਹੀ ਸੀ। ਚਾਣਚੱਕ ਰਾਹ 'ਚ ਬੇਬੇ ਦੀ ਨਜ਼ਰ ਕਿਸੇ ਚਮਕਦੀ ਚੀਜ਼ 'ਤੇ ਪਈ। ਸ਼ੱਕ ਪਿਆ ਤਾਂ ਹੇਠਾਂ ਬਹਿ ਕੇ ਉਸ ਨੂੰ ਨਹੁੰ ਨਾਲ ਖੁਰਚਿਆ। ਸੋਨੇ ਦੀ ਵਾਲ਼ੀ ਸੀ। ਬੇਬੇ ਨੇ ਮੁੱਠੀ 'ਚ ਲੈ ਲਈ। ਬੇਬੇ ਨੂੰ ਕੁਝ ਯਾਦ ਆਇਆ। ਅਜੇ ਇਕ ਦੋ ਦਿਨ ਪਹਿਲਾਂ ਜਲਵੰਤ ਦੀ ਮਾਂ ਦੇ ਘਰੋਂ ਕੋਈ ਗਹਿਣਾ ਗੁਆਚਣ ਦੀ ਕਾਨਾਫੂਸੀ ਬੇਬੇ ਦੇ ਕੰਨਾਂ ਤੱਕ ਅੱਪੜ ਚੁੱਕੀ ਸੀ।

ਬੇਬੇ ਨੇ ਜਲਵੰਤ ਹੋਰਾਂ ਦਾ ਦਰਵਾਜ਼ਾ ਖੜਕਾਇਆ, ਪਰ ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ। ਅਸਲ ਵਿੱਚ ਉਨ੍ਹਾਂ ਦਾ ਘਰ ਕਾਫੀ ਲੰਮੀ ਸੀ, ਜਿਸ ਨੂੰ ਅੱਗੇ ਪਿੱਛੇ ਦੋ ਸੜਕਾਂ ਲੱਗਦੀਆਂ ਸਨ। ਦੋ ਦਰਵਾਜ਼ੇ ਸਨ। ਉਨ੍ਹਾਂ ਦੇ ਰਹਿਣ ਵਾਲੇ ਕਮਰੇ ਅਤੇ ਵਰਾਂਡਾ ਵਗੈਰਾ ਪਰਲੇ ਪਾਸੇ ਵਾਲੀ ਸੜਕ ਨਾਲ ਲੱਗਦਾ ਸੀ, ਜਿਸ ਕਰਕੇ ਇੱਧਰਲੇ ਪਾਸਿਓਂ ਦਰਵਾਜ਼ੇ ਨੂੰ ਖੜਕਾਉਣ ਦੀ ਆਵਾਜ਼ ਪਰਲੇ ਪਾਸੇ ਘੱਟ ਸੁਣਦੀ ਸੀ। ਇੱਧਰਲੇ ਪਾਸੇ ਉਹ ਮੱਝਾਂ ਬੰਨ੍ਹਦੇ ਸਨ। ਕਿਸੇ ਵੱਲੋਂ ਦਰਵਾਜ਼ਾ ਨਾ ਖੋਲ੍ਹਣ 'ਤੇ ਬੇਬੇ ਨੇ ਮੁੜ ਤਸਲਾ ਚੁੱਕਿਆ ਅਤੇ ਰੂੜੀ 'ਤੇ ਸੁੱਟਣ ਚੱਲੀ ਗਈ। ਗੁਹਾਰੇ ਰੂੜੀਆਂ ਪਿੰਡੋਂ ਬਾਹਰ ਕੁਝ ਦੂਰ ਸਨ ਖੇੜੀ ਪਿੰਡ ਵਾਲੇ ਰਾਹ 'ਤੇ। ਸਾਡੀ ਰੂੜੀ ਤਾਂ ਸਭ ਤੋਂ ਅਖੀਰ 'ਚ ਸੀ। ਵੀਹ ਪੱਚੀ ਮਿੰਟਾਂ ਬਾਅਦ ਜਦੋਂ ਬੇਬੇ ਗੋਹੇ ਵਾਲਾ ਤਸਲਾ ਸੁੱਟ ਕੇ ਫਿਰ ਜਲਵੰਤ ਹੋਰਾਂ ਦੇ ਘਰ ਕੋਲ ਆਈ ਤਾਂ ਉਨ੍ਹਾਂ ਦੇ ਇੱਧਰਲੇ ਪਾਸੇ ਦੇ ਵੱਡੇ ਦਰਵਾਜ਼ੇ ਖੁੱਲ੍ਹ ਚੁੱਕੇ ਸਨ। ਬੇਬੇ ਅੰਦਰ ਚੱਲੀ ਗਈ। ਉਸ ਨੇ ਜਲਵੰਤ ਦੀ ਮਾਂ ਨੂੰ ਆਵਾਜ਼ ਦਿੱਤੀ। ਉਹ ਬੇਬੇ ਦੀ ਤਕਰੀਬਨ ਹਮ-ਉਮਰ ਹੀ ਸੀ। ਆਵਾਜ਼ ਸੁਣ ਕੇ ਉਹ ਕੋਲ ਆਈ। ਬੇਬੇ ਨੇ ਉਸ ਨੂੰ ਹੱਥ ਖੋਲ੍ਹਣ ਲਈ ਕਿਹਾ। ਜਦੋਂ ਉਸ ਨੇ ਹੱਥ ਖੋਲ੍ਹਿਆ ਤਾਂ ਬੇਬੇ ਨੇ ਸੋਨੇ ਦੀ ਵਾਲ਼ੀ ਉਹਦੇ ਹੱਥ 'ਤੇ ਰੱਖ ਦਿੱਤੀ। ਜਲਵੰਤ ਦੀ ਮਾਂ ਆਪਣੀ ਨੂੰਹ ਦੀ ਗੁਆਚੀ ਹੋਈ ਵਾਲੀ ਇਕਦਮ ਪਛਾਣ ਗਈ ਤੇ ਕਹਿਣ ਲੱਗੀ, 'ਨੀ ਸੁਰਜੀਤ ਕੁਰੇ, ਇਹ ਵਾਲ਼ੀ ਤੈਨੂੰ ਕਿੱਥੋਂ ਮਿਲੀ ਐ? ਅਸੀਂ ਤਾਂ ਘਰ ਦਾ ਕੋਈ ਖੂੰਜਾ ਨਹੀਂ ਛੱਡਿਆ..? ਰੱਬ ਤੈਨੂੰ ਭਾਗ ਲਾਵੇ।' ਬੇਬੇ ਨੇ ਉਸ ਨੂੰ ਨਾਲ ਲਿਜਾ ਕੇ ਉਹ ਥਾਂ ਦਿਖਾਈ, ਜਿਥੋਂ ਵਾਲ਼ੀ ਕੱਢੀ ਸੀ। ਵਾਲ਼ੀ ਦਾ ਨਿਸ਼ਾਨ ਅਜੇ ਵੀ ਕਾਇਮ ਸੀ। ਅਸਲ 'ਚ ਇਹ ਵਾਲ਼ੀ ਜਲਵੰਤ ਦੀ ਘਰ-ਵਾਲੀ ਦੀ ਸੀ, ਜਿਹੜੀ ਅਜੇ ਕੁਝ ਦਿਨ ਪਹਿਲਾਂ ਉਸ ਘਰ 'ਚ ਵਿਆਹ ਕੇ ਆਈ ਸੀ। ਨ੍ਹੇਰੇ ਸਵੇਰੇ ਘਰ ਦੇ ਬਾਹਰ ਗਲੀ ਸੁੰਬਰਦਿਆਂ ਕਿਸੇ ਵੇਲੇ ਉਹਦੇ ਕੰਨੋਂ ਵਾਲੀ ਡਿੱਗ ਕੇ ਮਿੱਟੀ 'ਚ ਦੱਬੀ ਗਈ ਹੋਵੇਗੀ। ਕੁਝ ਦਿਨਾਂ ਬਾਅਦ ਹੋਈ ਕਿਣਮਿਣ ਨਾਲ ਦਿਖਾਈ ਦੇ ਗਈ। ਨੂੰਹ ਦੀ ਵਾਲ਼ੀ ਗੁਆਚਣ ਦੀ ਚਰਚਾ ਆਂਢ ਗੁਆਂਢ 'ਚ ਕੰਨੀ ਪੈ ਚੁੱਕੀ ਸੀ। ਵਾਲ਼ੀ ਲੱਭ ਜਾਣ ਨਾਲ ਇਕ ਤਾਂ ਘਰਦਿਆਂ ਦਾ ਨੂੰਹ ਪ੍ਰਤੀ ਬਣ ਰਿਹਾ ਸ਼ੱਕ ਦੂਰ ਹੋ ਗਿਆ ਤੇ ਦੂਜਾ ਸੱਚਾਈ ਸਾਹਮਣੇ ਆ ਗਈ।

ਬੇਬੇ ਨੇ ਘਰ ਆ ਕੇ ਇਸ ਗੱਲ ਬਾਰੇ ਸਾਨੂੰ ਦੱਸਿਆ ਤਾਂ ਭੈਣ ਨੂੰ ਗੁੱਸਾ ਚੜ੍ਹਿਆ। ਉਹਨੇ ਕਿਹਾ, 'ਵਾਲ਼ੀ ਚੁੱਪ ਕਰਕੇ ਰੱਖ ਨਹੀਂ ਸੀ ਹੁੰਦੀ।' ਬੇਬੇ ਨੇ ਕਿਹਾ ਕਿ ਜਿਹੜੀ ਖੁਸ਼ੀ ਅਗਲੀ ਦੀ ਚੀਜ਼ ਵਾਪਸ ਕਰਕੇ ਮਿਲਦੀ ਹੈ, ਉਹਨੂੰ ਘਰ ਲਿਆਉਣਾ ਠੀਕ ਨਹੀਂ ਹੁੰਦਾ। ਖੋਟੀ ਨੀਤ ਨੁਕਸਾਨ ਦਾ ਘਰ। ਭੈਣ ਗੁਬਾਰ ਕੱਢਦੀ ਰਹੀ। ਉਹਦੇ ਕੋਲੋਂ ਇਹ 'ਨੁਕਸਾਨ' ਬਰਦਾਸ਼ਤ ਨਹੀਂ ਸੀ ਹੋ ਰਿਹਾ।

ਇਕ ਦਿਨ ਫਿਰ ਤੜਕਸਾਰ ਬੇਬੇ ਬਾਹਰਲੇ ਘਰ ਦੁੱਧ ਚੋਣ ਗਈ ਤਾਂ ਬਾਲਟੀ ਤੇ ਜਿੰਦੇ ਦੀ ਕੁੰਜੀ ਹੱਥ 'ਚ ਈ ਰਹਿ ਗਏ। ਬੇਬੇ ਨੂੰ ਵਿਸ਼ਵਾਸ ਨਹੀਂ ਸੀ ਹੋ ਰਿਹਾ। ਚੋਰਾਂ ਨੇ ਸੱਬਲ ਨਾਲ ਦੇਹਲੀ ਪੁੱਟ ਸੁੱਟੀ ਸੀ ਤੇ ਮੱਝ ਚੋਰੀ ਕਰਕੇ ਲੈ ਗਏ ਸਨ। ਘੱਗੇ ਥਾਣੇ ਜਾ ਕੇ ਰਿਪੋਰਟ ਲਿਖਾਈ ਗਈ। ਕਈ ਦਿਨਾਂ ਤੱਕ ਦਿੜ੍ਹਬੇ, ਸਮੂਰਾਂ-ਦੁਗਾਲ ਵਾਲੇ ਨੇੜੇ ਦੂਰ ਦੇ ਪਿੰਡਾਂ 'ਚ ਵੱਡਿਆਂ ਨਾਲ ਇਧਰ ਉਧਰ ਗੁਆਚੀ ਮੱਢ ਲੱਭਦੇ ਰਹੇ, ਉਹਦੀਆਂ ਸੂਹਾਂ ਲੱਭਦੇ ਰਹੇ। ਜਿਸ ਦਿਨ ਮੱਝ ਗੁਆਚੀ, ਉਸ ਤੋਂ ਅਗਲੇ ਦਿਨ ਜਲਵੰਤ ਦੀ ਮਾਂ ਆਈ ਤੇ ਬੇਬੇ ਨੂੰ ਕਹਿਣ ਲੱਗੀ, 'ਦਿਲ ਹੌਲਾ ਨਾ ਕਰੀਂ, ਜੁਆਕਾਂ ਦੇ ਮੂੰਹੋਂ ਦੁੱਧ ਖੋਹਣ ਵਾਲਿਆਂ ਦੇ ਘਰ ਕਦੇ ਦੀਵੇ ਨ੍ਹੀ ਬਲਦੇ। ਇਕ ਦਿਨ ਮੱਝ ਜ਼ਰੂਰ ਥਿਆਊਗੀ। ਰੱਬ 'ਤੇ ਡੋਰੀ ਰੱਖ। ਕੱਲ੍ਹ ਤੋਂ ਰੋਜ਼ ਮੈਂ ਤੇਰੇ ਜੁਆਕਾਂ ਲਈ ਆਪ ਦੁੱਧ ਦੇਣ ਆਇਆ ਕਰੂੰਗੀ।'

ਇਕ ਮਹੀਨੇ ਪਿੱਛੋਂ ਖਾਨੇ ਵਾਲੋਂ ਮੱਝ ਦਾ ਖੁਰਾ ਖੋਜ ਲੱਭਾ, ਪਰ ਉਦੋਂ ਤੱਕ ਮੱਝ ਦੁੱਧੋਂ ਸੁੱਕ ਚੁੱਕੀ ਸੀ। ਹੱਡੀਆਂ ਨਿਕਲ ਆਈਆਂ ਸਨ। ਮਹੀਨੇ ਬਾਅਦ ਜਦੋਂ ਬੇਬੇ ਜਲਵੰਤ ਦੀ ਮਾਂ ਨੂੰ ਦੁੱਧ ਦੇ ਪੈਸੇ ਦੇਣ ਗਈ ਤਾਂ ਜਲਵੰਤ ਦੀ ਮਾਂ ਨੇ ਅੱਖਾਂ ਭਰ ਲਈਆਂ। ਕਹਿਣ ਲੱਗੀ, 'ਸੁਰਜੀਤ ਕੁਰੇ! ਆਹ ਰੁਪਏ ਮੇਰੇ ਅੱਗੇ ਕਰਕੇ ਕਿਉਂ ਜੁੱਤੀਆਂ ਮਾਰ ਰਹੀ ਐਂ? ਜਿਹੋ ਜਿਹੇ ਤੇਰੇ ਜੁਆਕ, ਉਹ ਜਿਹੇ ਮੇਰੇ। ਨਾਲੇ ਜਦੋਂ ਤੂੰ ਮੇਰੀ ਨੂੰਹ ਦੀ ਵਾਲ਼ੀ ਮੋੜੀ, ਤੂੰ ਕੋਈ ਪੈਸੇ ਲਏ ਸੀ ਭਲਾ? ਉਹ ਵਾਲ਼ੀ ਤੂੰ ਰੱਖ ਵੀ ਸਕਦੀ ਸੀ। ਤੇਰੀ ਇਮਾਨਦਾਰੀ ਤਾਂ ਉਸੇ ਦਿਨ ਮੇਰੇ ਦਿਲ ਵਿੱਚ ਵੱਸ ਗਈ ਸੀ ਜਿੱਦਣ ਤੇਰੀ ਸੁੱਚੀ ਮੁੱਠੀ ਮੇਰੇ ਸਾਹਮਣੇ ਆ ਖੁੱਲ੍ਹੀ ਸੀ।' ਜਲਵੰਤ ਦੀ ਮਾਂ ਨੇ ਸਾਰੇ ਪੈਸੇ ਬੇਬੇ ਦੇ ਹੱਥ 'ਤੇ ਮੁੜ ਧਰ ਕੇ ਮੁੱਠੀ ਬੰਦ ਕਰ ਦਿੱਤੀ।

# ਲਾਇਬਰੇਰੀ ਨਾਲ ਜੁੜੀ ਅਭੁੱਲ ਯਾਦ

-ਮਾ. ਹਰਭਿੰਦਰ ਮੁੱਲਾਂਪੁਰ



ਅੱਠ ਸਾਲ ਪਹਿਲਾਂ ਮੇਰੀ ਬਦਲੀ ਵਾਹਵਾ ਦੂਰ ਦੇ ਇਕ ਸੈਕੰਡਰੀ ਸਕੂਲ ਵਿੱਚ ਹੋ ਗਈ। ਉਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਅਨੁਪਾਤ ਮੁਕਾਬਲੇ ਕਮਰਿਆਂ ਦੀ ਗਿਣਤੀ ਵੱਧ ਸੀ। ਸਕੂਲ ਵਿੱਚ ਅਧਿਆਪਕਾਂ ਨਾਲ ਜਾਣ ਪਛਾਣ ਹੋਈ ਤਾਂ ਲਾਇਬਰੇਰੀ ਇੰਚਾਰਜ ਅਧਿਆਪਕ ਮੇਰੀਆਂ ਰੁਚੀਆਂ ਤੋਂ ਜਾਣੂ ਹੋ ਕੇ ਇਸ ਲਈ ਖੁਸ਼ ਹੋਇਆ ਕਿ ਉਹ ਲਾਇਬਰੇਰੀ ਦਾ ਵਾਧੂ ਕਾਰਜ ਭਾਰ ਮਿਲਿਆ ਹੋਣ ਕਾਰਨ ਬੇਚੈਨ ਰਹਿੰਦਾ ਸੀ। ਉਸ ਨੇ ਮੇਰੀਆਂ ਰੁਚੀਆਂ ਬਾਰੇ ਪ੍ਰਿੰਸੀਪਲ ਨੂੰ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਲਾਇਬਰੇਰੀ ਦਾ ਕੰਮ ਮੈਨੂੰ ਸੌਂਪਣ ਲਈ ਬੇਨਤੀ ਕੀਤੀ। ਪ੍ਰਿੰਸੀਪਲ ਦੀ ਸਿਫਾਰਸ਼ 'ਤੇ ਨਵੇਂ ਸੈਸ਼ਨ ਤੋਂ ਲਾਇਬਰੇਰੀ ਦਾ ਕੰਮ ਮੈਂ ਭਾਸ਼ਾ ਅਧਿਆਪਕ ਨਾ ਹੋਣ ਦੇ ਬਾਵਜੂਦ ਸਾਂਭ ਲਿਆ। ਰਿਕਾਰਡ ਦਾ ਚਾਰਜ ਲੈਣ ਵੇਲੇ ਮੈਂ ਕਿਤਾਬਾਂ ਦੀ ਗਿਣਤੀ ਵੀ ਨਾ ਕੀਤੀ।

ਲਾਇਬਰੇਰੀ ਇੰਚਾਰਜ ਬਣਨ 'ਤੇ ਮੈਨੂੰ ਚਾਅ ਚੜ੍ਹ ਗਿਆ। ਅਲਮਾਰੀਆਂ ਤੱਕ ਜਾਣ ਲਈ ਲੇਡੀਜ਼ ਸਟਾਫ ਰੂਮ ਵੱਲ ਵਾਰ-ਵਾਰ ਜਾਣਾ ਮੈਨੂੰ ਅਜੀਬ ਲੱਗਦਾ ਸੀ। ਮੈਂ ਸਭ ਤੋਂ ਪਹਿਲਾਂ ਲਾਇਬਰੇਰੀ ਨੂੰ ਅਲਮਾਰੀਆਂ ਦੀ ਓਟ ਨਾਲ ਵੱਡੇ ਵੱਖਰੇ ਹਾਲ ਵਿੱਚ ਤਬਦੀਲ ਕੀਤਾ। ਮੈਂ ਆਪ ਰੰਗਦਾਰ ਬੁਰਸ਼ ਨਾਲ ਕਮਰੇ ਦੇ ਬਾਹਰ ਲਾਇਬਰੇਰੀ ਸ਼ਬਦ ਅਤੇ ਅਧਿਆਪਕਾਂ, ਵਿਦਿਆਰਥੀਆਂ, ਕਿਤਾਬਾਂ ਤੇ ਜੀਵਨ ਜਾਚ ਦੇ ਪ੍ਰੇਰਨਾ ਦਾਇਕ ਮਾਟੋ ਆਪਣ ਮਨ ਪਸੰਦ ਲੇਖਕ ਦੀ ਕਿਤਾਬ 'ਮਾਲਾ ਮਣਕੇ' ਵਿੱਚੋਂ ਲਿਖੇ। ਵਿਦਿਆਰਥੀਆਂ ਨੇ ਇਸ ਵਿੱਚ ਮੇਰਾ ਪੂਰਾ ਸਾਥ ਦਿੱਤਾ। ਮੈਂ ਅਲਮਾਰੀਆਂ ਵਿੱਚ ਕਈ ਸਾਲਾਂ ਤੋਂ ਬੰਦ ਪਾਈਆਂ ਸਾਰੀਆਂ ਕਿਤਾਬਾਂ ਨੂੰ ਕੱਢ ਕੇ ਸਕੂਲ ਦੇ ਖੁੱਲ੍ਹੇ ਵਿਹੜੇ ਵਿੱਚ ਧੁੱਪ ਲਵਾਈ। ਜਿਹੜੀਆਂ ਕਿਤਾਬਾਂ ਨੂੰ ਸਿਉਂਕ ਲੱਗ ਚੁੱਕੀ ਸੀ, ਉਨ੍ਹਾਂ ਨੂੰ ਰਿਕਾਰਡ ਵਿੱਚੋਂ ਖਾਰਜ ਕਰਵਾਇਆ। ਰਜਿਸਟਰ ਨੂੰ ਵਧੀਆ ਅਤੇ ਆਪਣੇ ਢੰਗ ਨਾਲ ਤਿਆਰ ਕੀਤਾ ਅਤੇ ਕਿਤਾਬਾਂ ਨੂੰ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਤੇ ਵਿਸ਼ਿਆਂ ਦੇ ਅਨੁਰੂਪ ਵੱਖੋ-ਵੱਖਰੀਆਂ ਅਲਮਾਰੀਆਂ ਵਿੱਚ ਸਲੀਕੇ ਨਾਲ ਟਿਕਾਇਆ। ਮੈਂ ਅਲਮਾਰੀਆਂ ਨੂੰ ਜਿੰਦਰਾ ਲਾਉਣ ਦੀ ਪ੍ਰਵਿਰਤੀ ਬੰਦ ਕਰ ਦਿੱਤੀ ਅਤੇ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਗਿਆਨ ਸ਼ਕਤੀ ਅਤੇ ਮਹੱਤਤਾ ਪ੍ਰਤੀ ਇੰਨਾ ਪ੍ਰੇਰਿਤ ਕੀਤਾ ਕਿ ਉਹ ਕਿਤਾਬਾਂ ਦੀ ਚੋਰੀ ਹੀ ਨਾ ਕਰ ਸਕਣ।

ਮੈਂ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਵੰਡ ਖਾਨਾਪੂਰਤੀ ਲਈ ਨਹੀਂ ਕਰਨਾ ਚਾਹੁੰਦਾ ਸੀ, ਇਸ ਲਈ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਪੰਜਾਬੀ ਦੇ ਅਖਬਾਰਾਂ ਵਿੱਚ ਛਪਦੇ ਬੱਚਿਆਂ ਦੇ ਕਾਲਮਾਂ ਨਾਲ ਜਾਣ ਪਛਾਣ ਕਰਾਉਂਦਾ ਰਹਿੰਦਾ ਸੀ। ਲਾਇਬਰੇਰੀ ਦੇ ਇਕ ਖੂੰਜੇ ਵਿੱਚ ਮੈਂ ਵਿਦਿਆਰਥੀਆਂ ਵਾਸਤੇ ਛੋਟਾ ਮੇਜ਼ ਰਖਵਾ ਕੇ ਕਹਾਣੀਆਂ, ਗੀਤਾਂ, ਚੁਟਕਲਿਆਂ, ਸਾਖੀਆਂ ਤੇ ਵਰਣਮਾਲਾ ਦੇ ਰਸਾਲੇ ਸ਼ਿੰਗਾਰ ਦਿੱਤੇ। ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਉਹ ਇਮਾਨਦਾਰੀ ਨਾਲ ਮੈਨੂੰ ਸਬੰਧਤ ਕਿਤਾਬ ਲਿਜਾਣ ਬਾਰੇ ਜ਼ਰੂਰ ਦੱਸਣਗੇ। ਹੁਸ਼ਿਆਰ ਤੇ ਸਾਹਿਤਕ ਰੁਚੀਆਂ ਵਾਲੇ ਦੋ ਵਿਦਿਆਰਥੀਆਂ ਨੂੰ ਸਹਾਇਤਾ ਵਾਸਤੇ ਆਪਣੇ ਸਹਾਇਕ ਬਣਾ ਲਿਆ। ਸਟਾਫ ਮੈਂਬਰ ਮੇਰੀਆਂ ਗਤੀਵਿਧੀਆਂ ਵੇਖ ਕੇ ਖੂਬ ਮੁਸਕਰਾਉਂਦੇ ਤੇ ਕਦੇ-ਕਦੇ ਟਿੱਚਰ ਵੀ ਕਰ ਦਿੰਦੇ, ਪਰ ਮੈਂ ਆਪਣਾ ਇਹ ਕੰਮ ਜਾਰੀ ਰੱਖਿਆ। ਇਹ ਜਾਣਨ ਲਈ ਕਿ ਕਿੰਨੇ ਕੁ ਵਿਦਿਆਰਥੀ ਲਾਇਬਰੇਰੀ ਦੀਆਂ ਕਿਤਾਬਾਂ ਪੜ੍ਹਦੇ ਹਨ, ਮੈਂ ਆਪਣੇ ਪੀਰੀਅਡ ਦੌਰਾਨ ਉਸ ਵਿਦਿਆਰਥੀ, ਜਿਸ ਨੇ ਲਾਇਬਰੇਰੀ ਵਿੱਚੋਂ ਕਿਤਾਬ ਜਾਰੀ ਕਰਾਈ ਹੋਵੇ, ਉਸ ਵਿੱਚੋਂ ਕੋਈ ਨਾ ਕੋਈ ਕਹਾਣੀ, ਗੀਤ, ਚੁਟਕਲਾ ਸੁਣਨਾ ਸ਼ੁਰੂ ਕਰ ਦਿੱਤਾ। ਇਸ ਦੇ ਨਤੀਜੇ ਵਜੋਂ ਵਿਦਿਆਰਥੀਆਂ ਵਿੱਚ ਕਿਤਾਬਾਂ ਪੜ੍ਹਨ ਦੀ ਰੁਚੀ ਬਣਨ ਲੱਗੀ। ਮੈਂ ਚਾਹੁੰਦਾ ਸੀ ਕਿ ਅਗਲੇ ਪੜਾਅ ਵਿੱਚ ਇਨ੍ਹਾਂ ਵਿਦਿਆਰਥੀਆਂ ਦੇ ਰੂਬਰੂ ਕਿਸੇ ਬਾਲ ਕਵੀ, ਸਾਹਿਤਕਾਰ ਨੂੰ ਕਰਵਾਇਆ ਜਾਵੇ। ਇਸ ਸਬੰਧੀ ਸਕੂਲ ਮੁਖੀ ਨਾਲ ਗੱਲ ਸਾਂਝੀ ਕੀਤੀ ਤਾਂ ਉਸ ਨੇ ਅਧਿਆਪਕਾਂ ਉਪਰ ਪਹਿਲਾਂ ਹੀ ਵਿਭਾਗ ਵੱਲੋਂ ਪਾਏ ਵੱਖ-ਵੱਖ ਕੰਮਾਂ ਦੇ ਬੋਝ ਦੀ ਦਲੀਲ ਦਿੰਦਿਆਂ ਹਾਂ ਪੱਖੀ ਹੁੰਗਾਰਾ ਨਾ ਭਰਿਆ। ਮੈਂ ਨਿਰਾਸ਼ ਨਾ ਹੋਇਆ ਤੇ ਵਿਦਿਆਰਥੀਆਂ ਦੀਆਂ ਲਾਇਬਰੇਰੀ ਨਾਲ ਜੁੜੀਆਂ ਗਤੀਵਿਧੀਆਂ ਇਸੇ ਪ੍ਰਕਾਰ ਚੱਲਦੀਆਂ ਰਹੀਆਂ।

ਘਰ ਤੋਂ ਸਕੂਲ ਦਾ ਫਾਸਲਾ ਚੋਖਾ ਹੋਣ ਕਾਰਨ ਮੇਰੀ ਬਦਲੀ ਕਿਸੇ ਹੋਰ ਸਕੂਲ ਹੋ ਗਈ। ਕੋਈ ਅਧਿਆਪਕ ਮੇਰੇ ਕੋਲੋਂ ਲਾਇਬਰੇਰੀ ਚਾਰਜ ਲੈਣ ਦੀ ਹਾਮੀ ਨਹੀਂ ਸੀ ਭਰ ਰਿਹਾ। ਉਨ੍ਹਾਂ ਨੂੰ ਬਿਨਾਂ ਜਿੰਦਰਿਆਂ ਤੋਂ ਅਲਮਾਰੀਆਂ ਵਿੱਚ ਪਈਆਂ ਕਿਤਾਬਾਂ ਦੀ ਗਿਣਤੀ ਘਟਣ ਦਾ ਤੌਖਲਾ ਸੀ। ਅੰਤ ਇਕ ਅਧਿਆਪਕਾ ਨੇ ਲਾਇਬਰੇਰੀ ਦਾ ਚਾਰਜ ਲੈਣ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਪਈਆਂ ਕਿਤਾਬਾਂ ਦੀ ਗਿਣਤੀ ਪੂਰਾ ਇਕ ਹਫਤਾ ਲਾ ਕੇ ਕੀਤੀ। ਗਿਣਤੀ ਵਿੱਚ ਕੋਈ ਖਾਸ ਫਰਕ ਨਾ ਪਿਆ। ਕੋਈ ਮਹਿੰਗੀ ਕਿਤਾਬ ਗੁੰਮ ਜਾਂ ਚੋਰੀ ਨਾ ਹੋਈ। ਜਿਹੜੀਆਂ ਕੁਝ ਕਿਤਾਬਾਂ ਜਾਂ ਰਸਾਲੇ ਗੁੰਮ ਹੋਏ, ਉਨ੍ਹਾਂ ਦੀ ਕੀਮਤ ਪੰਜ ਸੌ ਰੁਪਏ ਤੋਂ ਵੱਧ ਨਹੀਂ ਸੀ। ਵਿਦਿਆਰਥੀਆਂ ਵਿੱਚ ਲਾਇਬਰੇਰੀ ਦੀਆਂ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਹੋਣ ਦੀ ਮੈਨੂੰ ਬਹੁਤ ਖੁਸ਼ੀ ਸੀ। ਮੈਨੂੰ ਪੰਜ ਸੌ ਰੁਪਏ ਆਪਣੇ ਖੁਸ਼ੀ ਦੇ ਮੁਕਾਬਲੇ ਨਿਰਮੂਲ ਜਾਪੇ ਜੋ ਮੈਂ ਸਕੂਲ ਫੰਡ ਵਿੱਚ ਜਮ੍ਹਾਂ ਕਰਾ ਦਿੱਤੇ। ਹੁਣ ਮੈਂ ਜਦੋਂ ਕਦੇ ਉਸ ਸਕੂਲ ਜਾਂਦਾ ਹਾਂ ਤਾਂ ਲਾਇਬਰੇਰੀ ਦੀਆਂ ਕੰਧਾਂ ਤੇ ਅਲਮਾਰੀਆਂ ਉਪਰ ਵਿਦਿਆਰਥੀਆਂ ਦੇ ਸਹਿਯੋਗ ਨਾਲ ਲਿਖੇ ਮਾਟੋ ਮੈਨੂੰ ਨਿਵੇਕਲਾ ਜਿਹਾ ਸਕੂਨ ਦਿੰਦੇ ਹਨ।

## ਹਲਕਾ ਫੁਲਕਾ



ਸੁਨੀਲ, ''ਪਿਤਾ ਜੀ, ਪਿਆਰ ਇੱਕ ਵਾਇਰਸ ਹੈ।''
ਪਿਤਾ, ''...ਅਤੇ ਗੇਟ ਦੇ ਪਿੱਛੇ ਰੱਖੀ ਲਾਠੀ ਐਂਟੀ-ਵਾਇਰਸ ਹੈ। ਕਹੇਂ ਤਾਂ ਹੁਣੇ ਤੇਰਾ ਸਿਸਟਮ ਸਕੈਨ ਕਰ ਦਿੰਦਾ ਹਾਂ।''

********

ਪਤੀ ਆਪਣੀ ਪਤਨੀ ਨੂੰ ਕੰਪਿਊਟਰ ਚਲਾਉਣ ਬਾਰੇ ਦੱਸ ਰਿਹਾ ਸੀ।
ਉਹ ਬੋਲਿਆ, ''ਮਾਈ ਕੰਪਿਊਟਰ ਉੱਤੇ ਰਾਈਟ ਕਲਿੱਕ ਕਰ।''
ਪਤਨੀ, ''ਕਰ ਦਿੱਤਾ।''
ਪਤੀ, ''ਫੋਲਡਰ ਖੁੱਲ੍ਹਿਆ?''
ਪਤਨੀ, ''ਹਾਂ ਜੀ, ਖੁੱਲ੍ਹ ਗਿਆ।''
ਪਤੀ, ''ਹੁਣ ਉਪਰ ਦੇਖ, ਕੀ ਨਜ਼ਰ ਆ ਰਿਹਾ ਹੈ?''
ਪਤਨੀ,''ਪੱਖਾ।''
ਪਤੀ ਖਿਝ ਕੇ ਕਹਿਣ ਲੱਗਾ, ''ਹੁਣ ਉਸ ਨਾਲ ਲਟਕ ਜਾ।''

**********

ਪਤਨੀ, ''ਸੱਚ ਸੱਚ ਦੱਸੋ, ਕੰਮ ਵਾਲੀ ਬਾਈ ਨਾਲ ਤੁਹਾਡਾ ਕੀ ਚੱਕਰ ਚੱਲ ਰਿਹਾ ਹੈ?''
ਪਤੀ, ''ਕੀ ਬਕਵਾਸ ਕਰ ਰਹੀ ਏਂ, ਆਖਰ ਹੋਇਆ ਕੀ?''
ਪਤਨੀ, ''ਕੱਲ੍ਹ ਤੱਕ ਉਹ ਮੈਨੂੰ ਮੇਮ ਸਾਹਿਬ ਕਹਿ ਕੇ ਬੁਲਾਉਂਦੀ ਸੀ, ਅੱਜ ਦੀਦੀ ਕਹਿ ਰਹੀ ਹੈ।''


General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON

ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:
- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਲੋਕਤੰਤਰ ਵਿੱਚ ਮਰਜ਼ੀ ਦਾ ਬੋਲਣ ਦੀ ਖੁੱਲ੍ਹ ਤਾਂ ਹੈ, ਪਰ ਭਾਰਤ ਦੇ ਰੰਗ ਵੱਖਰੇ ਹੀ ਨੇ



ਜਤਿੰਦਰ ਪੰਨੂ

ਇਹ ਧਾਰਨਾ ਬਹੁਤ ਪੁਰਾਣੀ ਸੁਣਨ ਨੂੰ ਮਿਲਦੀ ਰਹੀ ਹੈ ਕਿ ਲੋਕਤੰਤਰ ਵਿੱਚ ਖਾਣ-ਪੀਣ ਅਤੇ ਲੋੜਾਂ ਦੀ ਪੂਰਤੀ ਦੇ ਸਾਧਨ ਨਸੀਬ ਹੋਣ ਜਾਂ ਨਾ, ਬੋਲਣ ਦੀ ਪੂਰੀ ਖੁੱਲ੍ਹ ਮਿਲਦੀ ਹੈ ਤੇ ਹਰ ਕਿਸੇ ਨੂੰ ਮਿਲ ਸਕਦੀ ਹੈ। ਇਸ ਖੁੱਲ੍ਹ ਦੀ ਇੱਕ ਵੰਨਗੀ ਦਸ ਕੁ ਮਹੀਨੇ ਪਹਿਲਾਂ ਓਦੋਂ ਵੇਖਣ ਨੂੰ ਮਿਲੀ ਸੀ, ਜਦੋਂ ਇੱਕ ਨਿਊਜ਼ ਚੈਨਲ ਦੇ ਬਹੁ-ਚਰਚਿਤ ਐਂਕਰ ਨੇ ਇੱਕ ਕੌਮੀ ਪਾਰਟੀ ਦੇ ਮੂੰਹ-ਫਟ ਪ੍ਰਧਾਨ ਨੂੰ ਲਾਈਵ ਸ਼ੋਅ ਵਿੱਚ ਸੱਦਿਆ ਸੀ। ਸਵਾਲ-ਜਵਾਬ ਵੇਲੇ ਐਂਕਰ ਨੇ ਲੀਡਰ ਦੀ ਗੱਲ ਕੱਟਦੇ ਸਮੇਂ ਇਹ ਕਹਿ ਦਿੱਤਾ ਕਿ ਇਹ ਸਭ ਬਕਵਾਸ ਹੈ। ਫਿਰ ਕਈ ਗੱਲਾਂ ਹੋਰ ਵੀ ਕਹਿ ਦਿੱਤੀਆਂ। ਜਦੋਂ ਉਸ ਨੇ ਜ਼ਰਾ ਕੁ ਸਾਹ ਲਿਆ ਤਾਂ ਲੀਡਰ ਬੋਲਿਆ: 'ਆਪ ਕੋ ਜੋ ਕੁਛ ਭੌਂਕਨਾ ਥਾ, ਭੌਂਕ ਲੀਆ ਤੋ ਮੈਂ ਭੌਂਕਨਾ ਸ਼ੁਰੂ ਕਰੂੰ।' ਐਂਕਰ ਨੇ ਤ੍ਰਭਕ ਕੇ ਇਸ ਭਾਸ਼ਾ ਦਾ ਕਾਰਨ ਪੁੱਛਿਆ। ਆਗੂ ਨੇ ਕਿਹਾ: 'ਤੁਮਹੇਂ ਮੇਰੀ ਬਾਤ ਬਕਵਾਸ ਲਗ ਰਹੀ ਹੈ, ਮੈਂ ਰੋਜ਼ ਤੁਮ ਕੋ ਭੌਂਕਤੇ ਸੁਨਤਾ ਹੂੰ, ਅਬ ਮੈਂ ਭੌਂਕ ਰਹਾ ਹੂੰ ਤੋ ਤੁਮ ਇਸ ਕੋ ਬਕਵਾਸ ਸਮਝ ਕਰ ਹੀ ਸੁਨ ਲੋ, ਬੋਲੋ ਨਹੀਂ।' ਏਨੇ ਨਾਲ ਚਾਂਭਲੇ ਹੋਏ ਐਂਕਰ ਦਾ ਸਾਰਾ ਬੁਖਾਰ ਲੱਥ ਗਿਆ ਤੇ ਫਿਰ ਏਦਾਂ ਦੀ ਇੰਟਰਵਿਊ ਚੱਲਦੀ ਰਹੀ, ਜਿਸ ਨੂੰ ਬਕਵਾਸ ਭਾਵੇਂ ਨਾ ਵੀ ਕਹੀਏ, ਉਸ ਵਿੱਚ ਕਿਸੇ ਮੁੱਦੇ ਦੀ ਗੰਭੀਰ ਚਰਚਾ ਵਾਲੀ ਗੱਲ ਦੋਵਾਂ ਵਿੱਚੋਂ ਕਿਸੇ ਨੇ ਨਹੀਂ ਸੀ ਕੀਤੀ।

ਪਿਛਲੇ ਹਫਤੇ ਜੋ ਕੁਝ ਪੰਜਾਬ ਵਿੱਚ ਹੁੰਦਾ ਸੁਣਿਆ ਗਿਆ, ਉਸ ਨੂੰ ਬਕਵਾਸ ਜਾਂ ਭੌਂਕਣ ਵਾਲੀ ਸ਼ਬਦਾਵਲੀ ਤੱਕ ਮੈਂ ਨਹੀਂ ਲਿਜਾਂਦਾ, ਪਰ ਇਹ ਗੱਲ ਸਾਫ ਹੈ ਕਿ ਕੰਮ ਦੀ ਗੱਲ ਉਸ ਵਿੱਚ ਕੋਈ ਨਹੀਂ ਸੀ ਤੇ ਕਹਿਣ ਦੀ ਖਾਤਰ ਹੀ ਕਈ ਕੁਝ ਕਿਹਾ ਤੇ ਅੱਗੋਂ ਸੁਣਿਆ ਜਾ ਰਿਹਾ ਸੀ। ਕਰਤਾਰਪੁਰ ਦੇ ਗੁਰਦੁਆਰਾ ਸਾਹਿਬ ਵੱਲ ਲਾਂਘਾ ਬਣਨ ਦੇ ਸਬੱਬ ਨੂੰ ਐਵੇਂ ਮਾਮੂਲੀ ਗੱਲਾਂ ਦੇ ਭੇੜ ਨਾਲ ਬੇਸੁਆਦਾ ਕੀਤਾ ਗਿਆ ਸੀ। ਇਸ ਵਿੱਚ ਨਵਜੋਤ ਸਿੰਘ ਸਿੱਧੂ ਦੀ ਇਹ ਗੱਲ ਅਰਥ ਭਰਪੂਰ ਹੈ ਕਿ ਇਹ ਲਾਂਘਾ ਸ਼ਰਧਾਲੂਆਂ ਦੀ ਉਸ ਗੁਰਦੁ-ਆਰੇ ਤੱਕ ਜਾ ਕੇ ਮੱਥਾ ਟੇਕਣ ਦੀ ਸਿੱਕ ਤਾਂ ਪੂਰੀ ਕਰੇਗਾ, ਨਾਲ ਇਲਾਕੇ ਤੇ ਪੰਜਾਬ ਦੇ ਵਿਕਾਸ ਕਰਨ ਲਈ ਵੀ ਸਹਾਈ ਹੋਵੇਗਾ। ਪਾਕਿਸਤਾਨ ਸਰਕਾਰ ਆਪਣੇ ਪਾਸੇ ਕਰਤਾਰਪੁਰ ਵਿੱਚ ਫਾਈਵ ਸਟਾਰ ਹੋਟਲ ਖੋਲ੍ਹਣ ਦਾ ਐਲਾਨ ਕਰਦੀ ਹੈ ਤਾਂ ਏਧਰ ਡੇਰਾ ਬਾਬਾ ਨਾਨਕ ਵਿੱਚ ਕਈ ਯੋਜਨਾਵਾਂ ਦਾ ਰਾਹ ਖੁੱਲ੍ਹੇਗਾ। ਇਸੇ ਬਹਾਨੇ ਡੇਰਾ ਬਾਬਾ ਨਾਨਕ ਨੂੰ ਜਾਂਦੀਆਂ ਸੜਕਾਂ ਨੈਸ਼ਨਲ ਹਾਈਵੇਜ਼ ਵਾਲੇ ਪੈਟਰਨ ਦੀਆਂ ਬਣਨ ਨਾਲ ਉਸ ਕਸਬੇ ਵਿੱਚ ਕਈ ਕਿਸਮ ਦੇ ਸਰਕਾਰੀ ਤੇ ਗੈਰ ਸਰਕਾਰੀ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ। ਪਛੜਿਆ ਸਰਹੱਦੀ ਇਲਾਕਾ ਵਿਕਸਤ ਹੋਣ ਲੱਗਾ ਹੈ ਤਾਂ ਸੰਭਾਵਨਾਵਾਂ ਦਾ ਸਵਾਗਤ ਕਰਨਾ ਚਾਹੀਦਾ ਹੈ। ਏਥੇ ਵੀ ਖੇਹ ਉਡਾਈ ਜਾ ਰਹੀ ਹੈ।

ਮੈਂ ਸਾਫ ਕਹਾਂ ਤਾਂ ਜਦੋਂ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਮੌਕੇ ਨਵਜੋਤ ਸਿੰਘ ਸਿੱਧੂ ਓਧਰ ਨੂੰ ਤੁਰ ਪਿਆ ਸੀ, ਮੈਂ ਉਸ ਦਿਨ ਵੀ ਉਸ ਦੇ ਖਿਲਾਫ ਸਾਂ ਤੇ ਅੱਜ ਵੀ ਹਾਂ। ਉਹ ਮੌਕਾ ਠੀਕ ਨਹੀਂ ਸੀ। ਭਾਰਤ ਵਿੱਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਦੇਹਾਂਤ ਹੋਇਆ ਸੀ, ਇਸ ਕਰ ਕੇ ਜਾਣਾ ਠੀਕ ਨਹੀਂ ਲੱਗਾ ਸੀ ਤੇ ਨਾਲ ਇਹ ਵੀ ਕਿ ਪਿਛਲੀ ਵਾਰੀ ਨਰਿੰਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਵਿੱਚ ਨਵਾਜ਼ ਸ਼ਰੀਫ ਨੂੰ ਸੱਦੇ ਜਾਣ ਨਾਲ ਜਿਵੇਂ ਕਈ ਲੋਕਾਂ ਨੂੰ ਗੱਲਾਂ ਕਰਨ ਦਾ ਮੌਕਾ ਮਿਲਿਆ ਸੀ, ਉਸ ਨੂੰ ਦੁਹਰਾਉਣਾ ਵੀ ਠੀਕ ਨਹੀਂ ਸੀ ਲੱਗਾ। ਫਿਰ ਵੀ ਜਦੋਂ ਉਹ ਚਲਾ ਗਿਆ ਤੇ ਉਸ ਦੇ ਗਏ ਤੋਂ ਲਾਂਘਾ ਖੋਲ੍ਹਣ ਵਾਸਤੇ ਹਾਂ ਹੋ ਗਈ ਤਾਂ ਦੁਹਾਈ ਪਾਉਣੀ ਠੀਕ ਨਹੀਂ ਸੀ। ਭਾਜਪਾ ਵਾਲਿਆਂ ਨੂੰ ਇਹੋ ਦੁੱਖ ਨਹੀਂ ਭੁੱਲ ਰਿਹਾ ਕਿ ਬਿਨਾਂ ਫੀਸ ਤੋਂ ਸਾਡੇ ਜਲਸਿਆਂ ਦੇ ਲਈ ਭੀੜਾਂ ਇਕੱਠੀਆਂ ਕਰਨ ਵਾਲਾ ਨਵਜੋਤ ਸਿੰਘ ਸਿੱਧੂ ਸਾਨੂੰ ਛੱਡ ਕੇ ਕਾਂਗਰਸ ਵਿੱਚ ਜਾ ਵੜਿਆ ਹੈ। ਉਨ੍ਹਾਂ ਨੇ ਉਸ ਦੇ ਪਾਕਿ-ਸਤਾਨ ਜਾਣ ਦਾ ਵਿਰੋਧ ਕੀਤਾ ਤਾਂ ਏਥੋ ਤੱਕ ਕਹਿ ਦਿੱਤਾ ਕਿ ਉਸ ਨੂੰ ਪੱਕਾ ਪਾਕਿਸਤਾਨ ਭੇਜ ਦੇਣਾ ਚਾਹੀਦਾ ਹੈ। ਇਹ ਗੱਲ ਉਹ ਕਈ ਲੋਕਾਂ ਬਾਰੇ ਕਹਿੰਦੇ ਰਹਿੰਦੇ ਹਨ। ਫਿਰ ਜਦੋਂ ਡੇਰਾ ਬਾਬਾ ਨਾਨਕ ਵਿੱਚ ਲਾਂਘੇ ਦਾ ਨੀਂਹ ਪੱਥਰ ਰੱਖਣ ਪਿੱਛੋਂ ਪਾਕਿਸਤਾਨ ਵਿੱਚ ਏਦਾਂ ਦਾ ਨੀਂਹ ਪੱਥਰ ਰੱਖਣ ਮੌਕੇ ਸਿੱਧੂ ਨੂੰ ਦੋਬਾਰਾ ਸੱਦਾ ਆ ਗਿਆ ਤਾਂ ਇਹ ਲੋਕ ਦੁਹਾਈ ਪਾਉਣ ਲੱਗ ਪਏ। ਆਖਰ ਇਸ ਵਿੱਚ ਗਲਤ ਕੀ ਹੋਇਆ ਸੀ? ਉਸ ਦਾ ਓਥੇ ਜਾਣਾ ਗਲਤ ਸੀ ਤਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਤੇ ਹਰਦੀਪ ਸਿੰਘ ਪੁਰੀ ਦਾ ਜਾਣਾ ਕਿਵੇਂ ਜਾਇਜ਼ ਸੀ? ਓਥੇ ਬੜੀ ਸ਼ਰਾਰਤ ਨਾਲ ਗੋਪਾਲ ਸਿੰਘ ਚਾਵਲਾ ਨਾਂਅ ਦਾ ਬੰਦਾ ਸਿੱਧੂ ਨਾਲ ਫੋਟੋ ਖਿੱਚਵਾ ਗਿਆ। ਗੋਪਾਲ ਸਿੰਘ ਚਾਵਲਾ ਦਹਿਸ਼ਤਗਰਦਾਂ ਦੇ ਗੁਰੂ ਸਮਝੇ ਜਾਂਦੇ ਹਾਫਿਜ਼ ਸਈਦ ਦਾ ਨੇੜੂ ਹੈ। ਅਕਾਲੀ ਆਗੂਆਂ ਨੇ ਦੁਹਾਈ ਪਾ ਦਿੱਤੀ ਕਿ ਸਿੱਧੂ ਦੀ ਭਾਰਤ ਦੇ ਵਿਰੋਧੀਆਂ ਨਾਲ ਸਾਂਝ ਹੈ। ਇੱਕ ਘੰਟੇ ਬਾਅਦ ਦੋ ਨਵੀਂਆਂ ਫੋਟੋ ਆ ਗਈਆਂ। ਇੱਕ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਉਹੋ ਚਾਵਲਾ ਮੋਢੇ ਨਾਲ ਮੋਢਾ ਜੋੜ ਕੇ ਬੈਠਾ ਅਤੇ ਦੂਸਰੀ ਫੋਟੋ ਵਿੱਚ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵਾਲੇ ਫਰੇਮ ਵਿੱਚ ਦਿਖਾਈ ਦੇਂਦਾ ਸੀ। ਅਕਾਲੀ ਚੁੱਪ ਹੋ ਗਏ। ਏਦਾਂ ਦੀ ਹਲਕੀ ਕਿਸਮ ਦੀ ਰਾਜਨੀਤੀ ਕਰਨ ਦਾ ਲਾਭ ਹੀ ਕੀ ਸੀ, ਜਿਸ ਨੇ ਬਾਅਦ ਵਿੱਚ ਖੁਦ ਨੂੰ ਫਸਾ ਦਿੱਤਾ?



ਅੱਜ ਕੱਲ੍ਹ ਫੋਟੋ ਕੋਈ ਖਾਸ ਗੱਲ ਨਹੀਂ ਰਹੀ। ਵਿਆਹ-ਸ਼ਾਦੀਆਂ ਅਤੇ ਹੋਰ ਪ੍ਰੋਗਰਾਮਾਂ ਮੌਕੇ, ਸਫਰ ਕਰਦਿਆਂ ਜਾਂ ਏਥੋਂ ਤੱਕ ਕਿ ਕਿਸੇ ਦੀ ਮੌਤ ਹੋਈ ਤੋਂ ਸ਼ਮਸ਼ਾਨ ਘਾਟ ਵਿੱਚ ਵੀ ਕੋਈ ਚਰਚਿਤ ਚਿਹਰਾ ਮਿਲ ਜਾਵੇ ਤਾਂ ਲੋਕ ਇੱਕ ਫੋਟੋ ਲੈਣ ਦੀ ਬੇਨਤੀ ਕਰਦੇ ਤੇ ਤਰਲਾ ਮਾਰ ਕੇ ਖਿੱਚਵਾ ਵੀ ਲੈਂਦੇ ਹਨ। ਅਕਾਲੀ ਦਲ ਅਤੇ ਭਾਜਪਾ ਦੇ ਆਗੂਆਂ ਦੀਆਂ ਇਹੋ ਜਿਹੀਆਂ ਫੋਟੋ ਵੀ ਕਈ ਵਾਰ ਚਰਚਾ ਦਾ ਕੇਂਦਰ ਬਣ ਚੁੱਕੀਆਂ ਹਨ ਤੇ ਅੱਗੋਂ ਵੀ ਬਣ ਸਕਦੀਆਂ ਹਨ। ਗੱਲ ਤਾਂ ਅਸੀਂ ਏਥੋਂ ਸ਼ੁਰੂ ਕੀਤੀ ਸੀ ਕਿ ਲੋਕਤੰਤਰ ਵਿੱਚ ਹਰ ਕੋਈ ਮਨ ਆਈ ਗੱਲ ਕਹਿਣ ਨੂੰ ਆਜ਼ਾਦ ਹੁੰਦਾ ਹੈ ਤੇ ਕੁਝ ਵੀ ਕਹਿ ਦੇਂਦਾ ਹੈ, ਫਿਰ ਵੀ ਕੁਝ ਹੱਦਾਂ ਚਾਹੀਦੀਆਂ ਹਨ। ਉੱਤਰ ਪ੍ਰਦੇਸ਼ ਵਿੱਚ ਮੱਠ ਦੇ ਮੁਖੀ ਤੋਂ ਮੁੱਖ ਮੰਤਰੀ ਬਣਿਆ ਯੋਗੀ ਆਦਿਤਿਆਨਾਥ ਕਹੀ ਜਾਂਦਾ ਹੈ ਕਿ ਹਨੂੰਮਾਨ ਦਲਿਤ ਜਾਤੀ ਵਿੱਚੋਂ ਸੀ। ਇਤਿਹਾਸ ਦੀ ਚੀਰ-ਪਾੜ ਕਰਨ ਵਾਲੇ ਮਾਹਰ ਅਜੇ ਤੱਕ ਇਹੋ ਜਿਹੀ ਕੋਈ ਗੱਲ ਨਹੀਂ ਸਨ ਕਹਿ ਸਕੇ, ਜਿਹੜੀ ਇਸ ਯੋਗੀ ਤੋਂ ਭੋਗੀ ਬਣੇ ਭਾਜਪਾ ਆਗੂ ਨੇ ਬੜੇ ਸਹਿਜ ਭਾਵ ਨਾਲ ਕਹਿ ਦਿੱਤੀ ਹੈ। ਇਸ ਤੋਂ ਹਿੰਦੂ ਧਰਮ ਵਿੱਚ ਵਿਵਾਦ ਖੜਾ ਹੋ ਗਿਆ ਹੈ। ਭਾਜਪਾ ਦੇ ਆਪਣੇ ਕਈ ਆਗੂ ਵੀ ਇਸ ਮੁੱਦੇ ਤੋਂ ਯੋਗੀ ਆਦਿਤਿਆਨਾਥ ਦੇ ਵਿਰੋਧ ਵਿੱਚ ਬੋਲਦੇ ਸੁਣੇ ਜਾ ਰਹੇ ਹਨ।

ਮਨ-ਆਈ ਗੱਲ ਕਹਿ ਦੇਣ ਵਾਲੇ ਮਾਮਲੇ ਵਿੱਚ ਇਸ ਵਕਤ ਤੀਸਰਾ ਨਾਂਅ ਭਾਰਤੀ ਫੌਜ ਦੇ ਅੱਜ ਵਾਲੇ ਕਮਾਂਡਰ ਬਿਪਿਨ ਰਾਵਤ ਦਾ ਲਿਆ ਜਾਂਦਾ ਹੈ। ਉਨ੍ਹਾ ਨੇ ਪਿਛਲੇ ਕੁਝ ਮਹੀਨਿਆਂ ਤੋਂ ਸਿਆਸੀ ਕਿਸਮ ਦੀਆਂ ਟਿਪਣੀਆਂ ਕਰਨ ਦਾ ਕੰਮ ਸ਼ੁਰੂ ਕੀਤਾ ਪਿਆ ਹੈ। ਪਹਿਲਾਂ ਉਹ ਜੰਮੂ-ਕਸ਼ਮੀਰ ਬਾਰੇ ਬੋਲਦੇ ਸਨ ਤਾਂ ਗਲਤ ਨਹੀਂ ਸੀ, ਕਿਉਂਕਿ ਉਸ ਰਾਜ ਦੇ ਖਾਸ ਹਾਲਾਤ ਵਿੱਚ ਫੌਜ ਨੂੰ ਸਿਵਲ ਪ੍ਰਸ਼ਾਸਨ ਦੀ ਮਦਦ ਲਈ ਡਿਊਟੀ ਕਰਨੀ ਅਤੇ ਸਿਆਸੀ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਤੇ ਫਿਰ ਉਨ੍ਹਾਂ ਦਾ ਜਵਾਬ ਵੀ ਦੇਣਾ ਪੈਂਦਾ ਸੀ। ਫਿਰ ਉਹ ਬਿਨਾਂ ਵਜ੍ਹਾ ਪੰਜਾਬ ਬਾਰੇ ਏਦਾਂ ਦੀਆਂ ਟਿਪਣੀਆਂ ਕਰਨ ਲੱਗ ਪਏ, ਜਿਹੜੀਆਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਕਰ ਸਕਦੇ ਹਨ, ਪੰਜਾਬ ਦਾ ਮੁੱਖ ਮੰਤਰੀ ਜਾਂ ਪੁਲਸ ਦਾ ਮੁਖੀ ਵੀ ਕਰ ਸਕਦਾ ਹੈ, ਪਰ ਫੌਜ ਦੇ ਮੁਖੀ ਦਾ ਉਨ੍ਹਾਂ ਗੱਲਾਂ ਨਾਲ ਇਸ ਵਕਤ ਦੇ ਹਾਲਾਤ ਵਿੱਚ ਕੋਈ ਸੰਬੰਧ ਹੀ ਨਹੀਂ ਬਣਦਾ। ਉਨ੍ਹਾ ਨੂੰ ਫੌਜ ਦੇ ਮੁਖੀ ਵਜੋਂ ਗਵਾਂਢੀ ਦੇਸ਼ ਦੀ ਫੌਜ, ਉਸ ਦੇਸ਼ ਵਿੱਚੋਂ ਹੁੰਦੀ ਅੱਤਵਾਦੀ ਸਰਗਰਮੀ ਦੇ ਬਾਰੇ ਵੀ ਟਿਪਣੀਆਂ ਕਰਨ ਦਾ ਅਧਿਕਾਰ ਹੈ, ਪਰ ਉਹ ਹੋਰ ਅੱਗੇ ਵਧ ਕੇ ਉਸ ਦੇਸ਼ ਦੇ ਸਿਸਟਮ ਬਾਰੇ ਇਹ ਕਹਿਣ ਤੱਕ ਪਹੁੰਚ ਗਏ ਕਿ ਭਾਰਤ ਨਾਲ ਸੰਬੰਧ ਸੁਧਾਰਨੇ ਹਨ ਤਾਂ ਪਾਕਿਸਤਾਨ ਨੂੰ ਇਸਲਾਮੀ ਦੇਸ਼ ਦੀ ਬਜਾਏ ਧਰਮ ਨਿਰਪੱਖ ਦੇਸ਼ ਬਣਨਾ ਪਵੇਗਾ। ਉਸ ਦੇਸ਼ ਵਿੱਚ ਕਿੱਦਾਂ ਦਾ ਸਿਸਟਮ ਰੱਖਣਾ ਹੈ, ਇਹ ਉਨ੍ਹਾਂ ਦਾ ਮਾਮਲਾ ਹੈ। ਸਾਊਦੀ ਅਰਬ ਵਿੱਚ ਇਸਲਾਮੀ ਰਾਜ ਹੈ, ਉਸ ਨਾਲ ਭਾਰਤ ਦੇ ਸੰਬੰਧ ਹਨ। ਬੰਗਲਾ ਦੇਸ਼ ਵੀ ਇਸਲਾਮੀ ਦੇਸ਼ ਐਲਾਨਿਆ ਜਾ ਚੁੱਕਾ ਹੈ। ਸਾਡੇ ਉਸ ਦੇਸ਼ ਨਾਲ ਵੀ ਸੁਖਾਵੇਂ ਡਿਪਲੋਮੇਟਿਕ ਸੰਬੰਧ ਹਨ, ਕਈ ਹੋਰ ਇਹੋ ਜਿਹੇ ਦੇਸ਼ ਵੀ ਹਨ ਤਾਂ ਫੌਜ ਦੇ ਮੁਖੀ ਨੂੰ ਗਵਾਂਢ ਦੇ ਸਿਰਫ ਇੱਕ ਦੇਸ਼ ਉੱਤੇ ਇਹ ਸ਼ਰਤ ਲਾਉਣ ਦੀ ਲੋੜ ਨਹੀਂ ਕਿ ਧਰਮ ਨਿਰਪੱਖ ਹੋਵੇ ਤਾਂ ਸੰਬੰਧ ਸੁਧਰਨਗੇ। ਅਸਲੀ ਗੱਲ ਇਹ ਹੈ ਕਿ ਸਾਡੇ ਦੇਸ਼ ਵਿੱਚ ਕਈ ਸਾਬਕਾ ਫੌਜੀ ਜਰਨੈਲ ਸੇਵਾ-ਮੁਕਤੀ ਮਗਰੋਂ ਰਾਜਨੀਤੀ ਵਿੱਚ ਆਉਂਦੇ ਤੇ ਇੱਕ ਜਾਂ ਦੂਸਰੀ ਝਾਕ ਲਈ ਯਤਨ ਕਰਦੇ ਰਹੇ ਹਨ। ਇਹ ਕੰਮ ਰਿਟਾਇਰ ਹੋ ਕੇ ਨਹੀਂ ਕਰਦੇ, ਉਹ ਵਰਦੀ ਲਾਹੁਣ ਤੋਂ ਪਹਿਲਾਂ ਹੀ ਆਪਣੇ ਆਖਰੀ ਸਾਲਾਂ ਦੌਰਾਨ ਏਦਾਂ ਦੇ ਬਿਆਨਾਂ ਨਾਲ ਕਿਸੇ ਖਾਸ ਧਿਰ ਨੂੰ ਸੰਕੇਤ ਦੇਣੇ ਸ਼ੁਰੂ ਕਰ ਦੇਂਦੇ ਹਨ ਕਿ ਮੈਂ ਤੁਹਾਡੀ ਰਾਜਨੀਤਕ ਲਾਈਨ ਵਿੱਚ ਫਿੱਟ ਬੈਠਣ ਲਈ ਤਿਆਰ ਹਾਂ। ਇਸ ਵਕਤ ਕੇਂਦਰ ਸਰਕਾਰ ਵਿੱਚ ਇੱਕ ਇਹੋ ਜਿਹਾ ਭਾਰਤੀ ਫੌਜ ਦਾ ਜਰਨੈਲ ਮੰਤਰੀ ਬਣਿਆ ਬੈਠਾ ਹੈ, ਜਿਸ ਨੇ ਆਪਣੇ ਆਖਰੀ ਦੋ ਸਾਲਾਂ ਦੌਰਾਨ ਵਕਤ ਦੀ ਸਰਕਾਰ ਨਾਲ ਆਢਾ ਲਾ ਕੇ ਵਿਰੋਧੀ ਪਾਰਟੀਆਂ ਵਿੱਚੋਂ ਸਰਕਾਰ ਦਾ ਬਦਲ ਬਣ ਕੇ ਉੱਭਰ ਰਹੀ ਪਾਰਟੀ ਨੂੰ ਇਸ਼ਾਰਾ ਕਰ ਦਿੱਤਾ ਸੀ ਕਿ ਮੈਂ ਸੇਵਾ ਦਾ ਮੌਕਾ ਚਾਹੁੰਦਾ ਹਾਂ। ਇੱਕ ਹੋਰ ਜਰਨੈਲ ਨੇ ਵਰਦੀ ਲਾਹੁੰਦੇ ਸਾਰ ਸਾਡੇ ਪੰਜਾਬ ਦੀ ਵਿਧਾਨ ਸਭਾ ਲਈ ਹੋਈਆਂ ਚੋਣਾਂ ਵਿੱਚ ਕਿਸਮਤ ਅਜ਼ਮਾਈ ਸੀ ਤੇ ਇਹੋ ਜਿਹੀ ਝਾਕ ਇਸ ਵਕਤ ਦੇ ਫੌਜੀ ਕਮਾਂਡਰ ਨੂੰ ਵੀ ਹੋ ਸਕਦੀ ਹੈ। ਇਸ ਲਈ ਉਹ ਮਨ ਦੀ ਮੁਰਾਦ ਹਾਸਲ ਕਰਨ ਵਾਸਤੇ ਕੁਝ ਵੀ ਕਹੀ ਜਾਂਦਾ ਹੋ ਸਕਦਾ ਹੈ। ਲੋਕਤੰਤਰ ਹੈ ਤਾਂ ਇਸ ਵਿੱਚ ਜੋ ਮਰਜ਼ੀ ਬੋਲਣ ਦਾ ਹੱਕ ਸਾਰਿਆਂ ਨੂੰ ਹੈ, ਪਰ ਕੁਝ ਹੱਦ ਹੋਣੀ ਚਾਹੀਦੀ ਹੈ।

# ਕਰਤਾਰਪੁਰ ਲਾਂਘਾ: ਸਿਆਸੀ ਤੇ ਧਾਰਮਿਕ ਮਾਅਨੇ

-ਬਲਜੀਤ ਬੱਲੀ

ਵਾਦ ਵਿਵਾਦ ਹੋ ਰਿਹਾ ਹੈ ਕਿ 22 ਨਵੰਬਰ ਨੂੰ ਕੇਂਦਰੀ ਕੈਬਨਿਟ ਵੱਲੋਂ ਕਰਤਾਰਪੁਰ ਸਾਹਿਬ ਲਾਂਘਾ ਉਸਾਰਨ ਦਾ ਫੈਸਲਾ ਸਿਆਸੀ ਤੇ ਕੂਟਨੀਤਕ ਸੁਹਿਰਦਤਾ ਦਾ ਪ੍ਰਤੀਕ ਹੈ ਜਾਂ ਇਕ ਖਾਸ ਤਰ੍ਹਾਂ ਦੀ ਸਿਆਸੀ ਧਾਰਮਿਕ ਸਰਜੀਕਲ ਸਟਰਾਈਕ ਹੈ। ਪਿਛਲੇ ਕਾਫੀ ਸਮੇਂ ਤੋਂ ਸਰਹੱਦ ਅਤੇ ਜੰਮੂ ਕਸ਼ਮੀਰ 'ਚ ਵਾਪਰ ਰਹੀਆਂ ਘਟਨਾਵਾਂ ਕਰਕੇ ਪਾਕਿਸਤਾਨ ਨਾਲ ਤਣਾਅ ਅਤੇ ਕੁੜੱਤਣ ਭਰੇ ਸਬੰਧ ਚੱਲ ਰਹੇ ਹਨ, ਦੋਵਾਂ ਮੁਲਕਾਂ ਦੀਆਂ ਸਰਕਾਰਾਂ ਵਿਚਕਾਰ ਕੂਟਨੀਤਕ ਪੱਧਰ 'ਤੇ ਵਾਰਤਾਲਾਪ ਅਤੇ ਮਿਲਣੀਆਂ ਠੱਪ ਹੋਈਆਂ ਪਈਆਂ ਹਨ। ਪੰਜਾਬ ਪੁਲਸ ਦੇ ਦਾਅਵੇ, ਕਿ ਅੰਮ੍ਰਿਤਸਰ ਵਿੱਚ ਨਿਰੰਕਾਰੀ ਸਤਿਸੰਗ ਉਤੇ ਹਮਲੇ ਪਿੱਛੇ ਵੀ ਪਾਕਿ-ਸਤਾਨ ਦੀ ਆਈ ਐਸ ਆਈ ਦੀ ਸ਼ਹਿ ਨਾਲ ਕੰਮ ਕਰ ਰਹੇ ਖਾਲਿਸਤਾਨੀ ਗਰੁੱਪ ਦਾ ਹੱਥ ਹੈ, ਨੇ ਵੀ ਇਸ ਤਣਾਅ ਪੂਰਨ ਮਾਹੌਲ 'ਚ ਵਾਧਾ ਕੀਤਾ।

ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਬਾਜਵਾ ਵੱਲੋਂ ਸਿੱਧੂ ਨਾਲ ਕੀਤੀ ਕਾਨਾਫੂਸੀ ਨੇ ਪਾਸਾ ਪਲਟ ਦਿੱਤਾ। ਸਿਰਫ ਪੰਜਾਬ ਅਤੇ ਭਾਰਤ ਦੇ ਨਹੀਂ, ਦੁਨੀਆ ਭਰ ਦੇ ਸਿੱਖਾਂ ਅੰਦਰ ਇਹ ਮੰਗ ਚਰਚਾ ਦਾ ਵਿਸ਼ਾ ਬਣੀ ਰਹੀ ਅਤੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸਮਾਗਮਾਂ ਦਾ ਇਹ ਮੁੱਦਾ ਕੇਂਦਰੀ ਬਿੰਦੂ ਬਣ ਗਿਆ। ਨਤੀਜੇ ਵਜੋਂ ਪੰਜਾਬ ਜਾਂ ਸਿੱਖ ਪੱਖੀ ਕਹਾਉਂਦੀਆਂ ਸਭ ਧਿਰਾਂ ਲਈ ਲਾਂਘੇ ਦੀ ਵਕਾਲਤ ਕਰਨਾ ਮਜਬੂਰੀ ਹੋ ਗਈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ 'ਤੇ ਸਰਗਰਮੀ ਦਿਖਾਈ। ਉਨ੍ਹਾਂ ਵਿਧਾਨ ਸਭਾ 'ਚ ਮਤਾ ਵੀ ਪੁਆਇਆ, ਕੈਪਟਨ ਸਰਕਾਰ ਨੇ ਕੇਂਦਰ ਨਾਲ ਚਿੱਠੀ-ਪੱਤਰ ਵੀ ਕੀਤਾ। ਅਕਾਲੀ ਦਲ ਦੀ ਲੀਡਰਸ਼ਿਪ ਨੇ ਸਿੱਧੇ ਅਤੇ ਐਸ ਜੀ ਪੀ ਸੀ ਰਾਹੀਂ ਇਹ ਮੁੱਦਾ ਚੁੱਕਿਆ। ਮੋਦੀ ਸਰਕਾਰ 'ਚ ਕੈਬਨਿਟ ਮੰਤਰੀ ਬੀਬੀ ਹਰਸਿਮਰਤ ਬਾਦਲ ਨੇ ਵੀ ਲਿਖਤੀ ਤੇ ਜ਼ੁਬਾਨੀ ਇਸ ਕਾਰੀਡੋਰ ਦੀ ਮੰਗ ਉਠਾਈ, ਪਰ ਵਿਦੇਸ਼ ਮੰਤਰਾਲੇ ਵੱਲੋਂ ਇਹ ਗੋਲ ਮੋਲ ਜਵਾਬ ਮਿਲਦਾ ਰਿਹਾ ਕਿ ਪਾਕਿਸਤਾਨ ਤਿਆਰ ਨਹੀਂ। ਪ੍ਰਧਾਨ ਮੰਤਰੀ ਵੱਲੋਂ ਇਸ ਮਾਮਲੇ ਬਾਰੇ ਧਾਰੀ ਚੁੱਪ ਅਜਿਹਾ ਪ੍ਰਭਾਵ ਦੇਣ ਲੱਗੀ ਕਿ ਮੋਦੀ ਸਰਕਾਰ ਇਸ ਬਾਰੇ ਉਦਾਸੀਨ ਰੁਖ ਅਪਣਾ ਰਹੀ ਹੈ, ਜਿਸ ਕਰਕੇ ਸਿੱਖ ਮਨਾਂ ਅੰਦਰ ਮੋਦੀ ਸਰਕਾਰ ਦਾ ਨਾਂਹ ਪੱਖੀ ਅਕਸ ਬਣਿਆ ਤੇ ਇਮਰਾਨ ਸਰਕਾਰ ਸਿੱਖਾਂ ਲਈ ਫਰਾਖਦਿਲ ਲੱਗਣ ਲੱਗੀ। ਅਕਾਲੀ ਲੀਡਰਸ਼ਿਪ ਲਈ ਕਾਫੀ ਕਸੂਤੀ ਹਾਲਤ ਬਣੀ ਹੋਈ ਸੀ। ਜਨਰਲ ਬਾਜਵਾ ਦੇ ਛੱਡੇ ਗੁੱਝੇ ਤੀਰ ਤੋਂ ਬਾਅਦ ਪਾਕਿਸਤਾਨ ਵੱਲੋਂ ਦੋ ਤਿੰਨ ਵਾਰ ਖੁੱਲ੍ਹੇਆਮ ਇਹ ਐਲਾਨ ਕੀਤੇ ਗਏ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਵਰ੍ਹੇ ਦੌਰਾਨ ਕਰਤਾਰਪੁਰ ਸਾਹਿਬ ਲਈ ਵੀਜ਼ਾ ਮੁਕਤ ਲਾਂਘੇ ਲਈ ਤਿਆਰ ਹੈ।

ਇਸ ਮਾਹੌਲ ਵਿੱਚ ਕੇਂਦਰੀ ਕੈਬਨਿਟ ਨੇ ਪ੍ਰਕਾਸ਼ ਪੁਰਬ ਤੋਂ ਇਕ ਦਿਨ ਪਹਿਲਾਂ ਕਰਤਾਰਪੁਰ ਕਾਰੀਡੋਰ ਬਣਾਉਣ ਦੇ ਅਚਾਨਕ ਕੀਤੇ ਫੈਸਲੇ ਨਾਲ ਸਭ ਨੂੰ ਹੈਰਾਨ ਕਰ ਦਿਤਾ। ਸਿਰਫ ਕਾਰੀਡੋਰ ਹੀ ਨਹੀਂ ਸਗੋਂ 550 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮਾਂ ਨਾਲ ਜੋੜ ਕੇ ਹੋਰ ਬਹੁਤ ਅਹਿਮ ਫੈਸਲੇ ਕੀਤੇ। ਜਿਸ ਢੰਗ ਨਾਲ ਕੇਂਦਰੀ ਕੈਬਨਿਟ ਨੇ ਇਹ ਫੈਸਲਾ ਕੀਤਾ ਅਤੇ ਇਸ ਤੋਂ ਬਾਅਦ ਜਿਸ ਤਰ੍ਹਾਂ ਭਾਰਤ ਵਾਲੇ ਪਾਸੇ 26 ਨਵੰਬਰ ਨੂੰ ਉਪ ਰਾਸ਼ਟਰਪਤੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਨੀਂਹ ਪੱਥਰ ਰੱਖਿਆ ਅਤੇ 28 ਨਵੰਬਰ ਨੂੰ ਇਮਰਾਨ ਖਾਨ ਵੱਲੋਂ ਕਰਤਾਰਪੁਰ 'ਚ ਇਸ ਦਾ ਨੀਂਹ ਪੱਥਰ ਰੱਖਣ ਦੇ ਫਟਾਫਟ ਐਲਾਨ ਹੋਏ, ਇਹ ਸਭ ਅਚੰਭੇ ਵਾਲੇ ਹਨ। 22 ਨਵੰਬਰ ਦੀ ਜਿਸ ਕੈਬਨਿਟ ਮੀਟਿੰਗ ਵਿੱਚ ਲਾਂਘੇ ਦਾ ਮਤਾ ਪਾਸ ਹੋਇਆ, ਉਹ ਏਜੰਡੇ ਵਿੱਚ ਸ਼ਾਮਲ ਨਹੀਂ ਸੀ। ਟਟ ਫੱਟ ਏਜੰਡਾ ਬਣਾ ਕੇ ਫੈਸਲੇ ਕੀਤੇ ਗਏ। ਇਹ ਸਾਰਾ ਉਦੋਂ ਕੀਤਾ, ਜਦੋਂ ਇਹ ਸੂਹ ਮਿਲੀ ਕਿ ਪਾਕਿ-ਸਤਾਨ ਨੇ 27 ਜਾਂ 28 ਨਵੰਬਰ ਨੂੰ ਕਰਤਾਰਪੁਰ 'ਚ ਲਾਂਘੇ ਦਾ ਨੀਂਹ ਪੱਥਰ ਰੱਖਣ ਦਾ ਫੈਸਲਾ ਕਰ ਲਿਆ। ਇਸ ਨੇ ਇਕਦਮ ਦ੍ਰਿਸ਼ ਬਦਲ ਦਿੱਤਾ। ਭਾਰਤੀ ਖੁਫੀਆ ਏਜੰਸੀਆਂ ਦੀ ਕਾਰਗੁਜ਼ਾਰੀ 'ਤੇ ਸਵਾਲ ਖੜੇ ਹੋਏ ਕਿ ਪਾਕਿਸਤਾਨ ਦੇ ਫੈਸਲੇ ਬਾਰੇ ਇੰਨੀ ਦੇਰੀ ਨਾਲ ਕਿਉਂ ਪਤਾ ਲੱਗਾ? ਮਜਬੂਰੀ ਨਾਲ ਕੀਤੇ ਇਸ ਫੈਸਲੇ ਨੂੰ ਕੇਂਦਰ ਸਰਕਾਰ ਨੇ ਆਪਣੀ ਕਲਾਕਾਰੀ ਰੰਗਤ ਦੇ ਕੇ ਪੇਸ਼ ਕੀਤਾ। ਇਹ ਬੇਸ਼ੱਕ ਮਜਬੂਰੀ ਵਿੱਚ ਕੀਤਾ ਗਿਆ, ਪਰ ਫਿਰ ਵੀ ਇਹ ਇਤਿਹਾਸਕ ਫੈਸਲਾ ਹੈ। ਇਸ ਦੇ ਬਹੁਤ ਦੂਰਗਾਮੀ ਨਤੀਜੇ ਨਿਕਲ ਸਕਦੇ ਹਨ।

ਉਂਜ ਇਸ ਨਾਲ ਆਪਣੇ ਅਤੇ ਭਾਜਪਾ ਸਰਕਾਰ ਦੇ ਘੱਟਗਿਣਤੀ ਤੇ ਇਥੋਂ ਤੱਕ ਕਿ ਸਿੱਖ ਵਿਰੋਧੀ ਬਣੇ ਜਾਂ ਬਣਦੇ ਜਾ ਰਹੇ ਅਕਸ ਸੁਧਾਰਨ ਵਿੱਚ ਮੋਦੀ ਨੂੰ ਮਦਦ ਮਿਲੇਗੀ। ਦੇਸ਼ ਵਿਦੇਸ਼ ਵਿੱਚ ਖਾਲਿਸਤਾਨੀ ਅਤੇ ਗਰਮ ਖਿਆਲੀ ਸਿੱਖ ਧੜਿਆਂ ਵੱਲੋਂ ਮੋਦੀ ਸਰਕਾਰ ਵਿਰੋਧੀ ਕੀਤੇ ਜਾ ਰਹੇ ਤਿੱਖੇ ਪ੍ਰਚਾਰ ਦੀ ਧਾਰ ਕੁਝ ਖੁੰਢੀ ਹੋ ਸਕਦੀ ਹੈ। 1984 ਦੇ ਸਿੱਖ ਕਤਲੇਆਮ ਦੇ ਦੋ ਦੋਸ਼ੀਆਂ ਨੂੰ ਸਜ਼ਾ ਮਿਲਣ ਤੋਂ ਫੌਰੀ ਬਾਅਦ ਕੀਤਾ ਇਹ ਫੈਸਲਾ ਜੇ ਸਹੀ ਭਾਵਨਾ ਨਾਲ ਲਾਗੂ ਕੀਤਾ ਤਾਂ ਸਿੱਖਾਂ ਅਤੇ ਖਾਸ ਕਰਕੇ ਨੌਜਵਾਨਾਂ ਦੇ ਇਕ ਹਿੱਸੇ ਵਿੱਚ ਬੇਗਾਨਗੀ ਦੀ ਭਾਵਨਾ ਨੂੰ ਘਟਾਉਣ 'ਚ ਸਹਾਈ ਹੋ ਸਕਦਾ ਹੈ।

ਜੇ ਅਗਲੇ ਵਰ੍ਹੇ ਚੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਪੱਖੋਂ ਦੇਖੀਏ ਤਾਂ ਸਿੱਖ ਵੋਟ ਬੈਂਕ ਦਾ ਮਹੱਤਵ ਸਿਰਫ ਪੰਜਾਬ 'ਚ ਹੀ ਨਹੀਂ, ਹਰਿਆਣਾ, ਹਿਮਾਚਲ, ਰਾਜਸਥਾਨ, ਮੱਧ ਪ੍ਰਦੇਸ਼, ਯੂ ਪੀ, ਉਤਰਾਖੰਡ, ਦਿੱਲੀ ਅਤੇ ਕੁਝ ਹੋਰ ਰਾਜਾਂ ਵਿੱਚ ਵੀ ਹੈ। ਇਕ ਅਨੁਮਾਨ ਅਨੁਸਾਰ ਲੋਕ ਸਭਾ ਦੀਆਂ ਕੁੱਲ 35 ਸੀਟਾਂ ਅਜਿਹੀਆਂ ਹਨ, ਜਿਥੇ ਸਿੱਖ ਵੋਟ ਚੋਣ ਨਤੀਜਿਆਂ ਨੂੰ ਸਿੱਧੇ ਪ੍ਰਭਾਵਿਤ ਕਰਦੇ ਹਨ। ਮੋਦੀ ਸਰਕਾਰ ਦੇ ਕਰਤਾਰਪੁਰ ਲਾਂਘੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਲ ਭਰ ਚੱਲਣ ਵਾਲੇ ਪ੍ਰਕਾਸ਼ ਪੁਰਬ ਪ੍ਰੋਗਰਾਮ ਲਈ ਕੀਤੇ ਫੈਸਲਿਆਂ ਨੇ ਪੰਜਾਬ ਤੇ ਖਾਸ ਕਰਕੇ ਸਿੱਖ ਰਾਜਨੀਤੀ 'ਤੇ ਸਿੱਧਾ ਅਤੇ ਅਸਿੱਧਾ ਅਸਰ ਪਾਉਣਾ ਹੈ। ਪ੍ਰਧਾਨ ਮੰਤਰੀ ਸਿਰਫ ਇਨ੍ਹਾਂ ਐਲਾਨਾਂ ਤੱਕ ਸੀਮਤ ਨਹੀਂ ਰਹੇ, ਸਿੱਖ ਜਗਤ ਅੰਦਰ ਸੁਖਦ ਅਨੁਭਵ ਦੇਣ ਅਤੇ ਆਪਣੇ ਅਕਸ ਨੂੰ ਧਰਮ ਨਿਰਪੱਖ ਦਰਸਾਉਣ ਲਈ ਹੋਰ ਵੀ ਅੱਗੇ ਚਲੇ ਗਏ। 23 ਨਵੰਬਰ ਨੂੰ ਗੁਰਪੁਰਬ ਮੌਕੇ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਦੀ ਰਿਹਾਇਸ਼ 'ਤੇ ਜਾ ਕੇ ਗੁਰਪੁਰਬ ਸਮਾਗਮ 'ਚ ਸ਼ਾਮਲ ਹੀ ਨਹੀਂ ਹੋਏ, ਸਗੋਂ ਹਿੰਦ ਪਾਕਿ ਸਬੰਧਾਂ ਦੇ ਹਵਾਲੇ ਨਾਲ 'ਬਰਲਿਨ ਦਿ ਗਰੇਟ ਦੀਵਾਰ' ਢਾਹੇ ਜਾਣ ਦੀ ਮਿਸਾਲ ਦੇ ਕੇ ਸਭ ਨੂੰ ਹੈਰਾਨ ਵੀ ਕੀਤਾ।

ਇਹ ਸਾਰਾ ਘਟਨਾਕ੍ਰਮ ਅਕਾਲੀ ਲੀਡਰਸ਼ਿਪ ਅਤੇ ਖਾਸ ਕਰਕੇ ਸੁਖਬੀਰ ਸਿੰਘ ਬਾਦਲ ਲਈ ਵੱਡੀ ਨਿਆਮਤ ਹੈ। ਪਿਛਲੇ ਸਮੇਂ 'ਚ ਗਾਹੇ ਬਗਾਹੇ ਇਹ ਪ੍ਰਭਾਵ ਰਿਹਾ ਕਿ ਪ੍ਰਧਾਨ ਮੰਤਰੀ ਅਕਾਲੀ ਲੀਡਰਸ਼ਿਪ ਅਤੇ ਇਸ ਨੂੰ ਪੇਸ਼ ਮੁਸ਼ਕਲਾਂ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ। ਅਕਾਲੀ ਭਾਜਪਾ ਗੱਠਜੋੜ 'ਚ ਤਣਾਅ ਤੇ ਆਪਸੀ ਦੂਰੀ ਦੀਆਂ ਖਬਰਾਂ ਵੀ ਆਉਂਦੀਆਂ ਰਹੀਆਂ। ਸੁਖਬੀਰ ਸਿੰਘ ਬਾਦਲ ਨੇ ਪੰਜਾਬੋਂ ਬਾਹਰ ਵੀ ਲੋਕ ਸਭਾ ਚੋਣਾਂ ਆਪਣੇ ਦਮ 'ਤੇ ਲੜਨ ਦਾ ਐਲਾਨ ਕੀਤਾ ਸੀ। ਇਹ ਮੰਨਿਆ ਜਾਵੇਗਾ ਕਿ ਮੋਦੀ ਨੇ ਅਜਿਹੇ ਮੌਕੇ ਅਕਾਲੀ ਲੀਡਰਸ਼ਿਪ ਨੂੰ ਠੁੰਮ੍ਹਣਾ ਦੇਣ ਦਾ ਯਤਨ ਕੀਤਾ ਜਦੋਂ ਕਿ ਉਹ ਬੇਅਦਬੀ ਤੇ ਸਿੱਖੀ ਨਾਲ ਜੁੜੇ ਵਿਵਾਦਾਂ ਤੇ ਅੰਦਰੂਨੀ ਵਿਰੋਧ ਕਰਨ ਸਿਆਸੀ ਦਬਾਅ ਹੇਠ ਵਿਚਰ ਰਹੇ ਸਨ। ਇਸ ਨਾਲ ਗੱਠਜੋੜ ਵੀ ਮਜ਼ਬੂਤ ਹੋਏਗਾ ਅਤੇ ਅਕਾਲੀਆਂ ਦਾ ਮਨੋਬਲ ਵੀ ਵਧੇਗਾ।

ਉਂਜ ਕੈਪਟਨ ਸਰਕਾਰ ਅਤੇ ਕਾਂਗਰਸ ਪਾਰਟੀ ਨੇ ਆਪਣੇ ਰਾਜ ਪ੍ਰਬੰਧ ਨਾਲ ਜੁੜੇ ਕਾਰ ਵਿਹਾਰ ਅਤੇ ਕਾਰਗੁਜ਼ਾਰੀ 'ਤੇ ਟੇਕ ਰੱਖਣ ਦੀ ਪਾਏਦਾਰ ਰਣਨੀਤੀ ਦੀ ਥਾਂ ਪੰਥਕ ਰਾਜਨੀਤੀ ਵਿੱਚ ਬੇਲੋੜੀ ਦਖਲ ਅੰਦਾਜ਼ੀ ਕਰਕੇ, ਸਿੱਖ ਮੁੱਦਿਆਂ ਨੂੰ ਉਭਾਰ ਕੇ, ਬਾਦਲਾਂ ਨੂੰ ਸਿੱਖ ਵਿਰੋਧੀ ਸਾਬਤ ਕਰਨ ਦੇ ਯਤਨ 'ਚ ਅਕਾਲੀਆਂ ਨੂੰ ਪੰਜਾਬ ਦੀ ਰਾਜਨੀਤੀ 'ਚ ਸੈਂਟਰ ਸਟੇਜ 'ਤੇ ਲੈ ਆਂਦਾ ਹੈ, ਪਰ ਮੋਦੀ ਦੇ ਮਦਦਗਾਰ ਹੱਥ ਕਰਕੇ ਅਕਾਲੀ ਲੀਡਰਸ਼ਿਪ ਹਮਲਾਵਰ ਰੁਖ਼ ਅਖਤਿਆਰ ਕਰੇਗੀ। ਦਿੱਲੀ ਦੀ ਅਦਾਲਤ ਵੱਲੋਂ '84 ਦੇ ਦੋਸ਼ੀਆਂ ਨੂੰ ਸੁਣਾਈ ਸਜ਼ਾ ਤੇ ਮੋਦੀ ਸਰਕਾਰ ਵੱਲੋਂ ਕੀਤੇ ਸਿੱਖੀ ਨਾਲ ਜੁੜੇ ਤਾਜ਼ਾ ਫੈਸਲਿਆਂ ਨੇ ਅਕਾਲੀ ਦਲ ਨੂੰ ਮਜ਼ਬੂਤ ਕਰ ਦਿੱਤਾ ਹੈ ਕਿ ਜਿਹੜੇ ਕੰਮ ਕਾਂਗਰਸ ਸਰਕਾਰਾਂ ਅੰਦਰ ਦਹਾਕਿਆਂ ਦੌਰਾਨ ਨਹੀਂ ਹੋਏ, ਉਹ ਅਕਾਲੀ ਦਲ ਦੀ ਸ਼ਮੂਲੀਅਤ ਵਾਲੀ ਮੋਦੀ ਸਰਕਾਰ ਨੇ ਕਰ ਵਿਖਾਏ ਹਨ।

ਇਸ ਮਾਹੌਲ 'ਚ ਕੋਈ ਸਰਕਾਰ, ਸਿਆਸੀ ਪਾਰਟੀ, ਕੋਈ ਧਿਰ ਜਾਂ ਵਿਅਕਤੀ ਤਾਜ਼ਾ ਫੈਸਲਿਆਂ ਦਾ ਸਿਹਰਾ ਲੈਣ ਜਾਂ ਭਵਿੱਖ 'ਚ ਲਾਹਾ ਲੈਣ ਦਾ ਯਤਨ ਕਰੇ ਜਾਂ ਨਾ, ਅਸਲੀਅਤ ਇਹ ਹੈ ਕਿ ਕਰਤਾਰਪੁਰ ਲਾਂਘੇ ਦਾ ਮੋਦੀ ਸਰਕਾਰ ਦਾ ਫੈਸਲਾ ਆਪਣੇ ਆਪ 'ਚ ਬੇਹੱਦ ਸ਼ਲਾਘਾਯੋਗ ਹੈ, ਕਿਉਂਕਿ ਇਹ ਸਿਰਫ ਪਵਿੱਤਰ ਤੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦਾ ਰਾਹ ਨਹੀਂ, ਸਗੋਂ ਦੋਵਾਂ ਮੁਲਕਾਂ ਅਤੇ ਇਨ੍ਹਾਂ ਦੇ ਲੋਕਾਂ ਵਿਚਕਾਰ ਸੰਵਾਦ, ਮੇਲ ਮਿਲਾਪ ਅਤੇ ਦੋਸਤੀ ਦਾ ਨਵਾਂ ਰਾਹ ਵੀ ਖੋਲ੍ਹ ਸਕਦਾ ਹੈ।

Jobs Jobs Jobs
General Labour/ Drivers/ Window Assemblers & Machine Operators
ਅੱਜ ਆਓ ਤੇ ਕੱਲ ਕੰਮ ਤੇ ਜਾਓ
- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

ਆਫਿਸ ਵਿੱਚ ਨੌਕਰੀ ਕਰਨ ਦਾ ਸੁਨਹਿਰੀ ਮੌਕਾ
ਬਿੱਲਿੰਗ ਤੇ ਆਡਰ ਫੁਲਫਿਲਮੈਂਟ ਲਈ ਕਲਰਕ ਦੀ ਲੋੜ ਹੈ
- ਸਵੇਰ ਤੇ ਸ਼ਾਮ ਦੀਆਂ ਸ਼ਿਫਟਾਂ
- $14 ਤੋਂ $16 ਡਾਲਰ ਤੱਕ ਦੀ ਤਨਖ਼ਾਹ
- ਬੇਸਿਕ ਅੰਗਰੇਜ਼ੀ ਦੀ ਲੋੜ
- ਸਟੂਡੈਂਟ ਤੇ ਨਵੇਂ ਇੰਮੀਗ੍ਰੇਂਟ ਵੀ ਅਪਲਾਈ ਕਰ ਸਕਦੇ ਹਨ



- Process Customer Orders and Plan deliveries
- Issue Invoices and Monthly Customer Statements, Process Credit Memos
- Track Shipping log and invoices
- Report Activity to upper management
- Perform clerical duties, purchase, track and invoice office supplies
Please send your resume by email at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).

7 STAR IMMIGRATION
ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ
With Our Expert Team
Simrat Nijjar
Regulated Canadian Immigration Consultant
Ph:(905) 846-0707
Fax:(905)497-0706
ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!
- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship
Visit us online: www.7starimmigration.ca or email us at: info@7starimmigration.ca
1625 Steeles Ave E., Unit 17A, Brampton, ON L6T 4T7
Main Intersection- Steeles & Advance Blvd.



# ਖ਼ਬਰਾਂ ਪੰਜਾਬ ਦੀਆਂ

## ਕੈਪਟਨ ਅਮਰਿੰਦਰ ਸਿੰਘ ਵਿਰੁੱਧ ਬਿਆਨ ਪਿੱਛੋਂ ਸਿੱਧੂ ਉੱਤੇ ਕਈ ਪਿਰਾਂ ਵੱਲੋਂ ਚਾਂਦਮਾਰੀ

### * ਸਿੱਧੂ ਕਹਿੰਦਾ: ਮੇਰਾ ਬਿਆਨ ਤੋੜ-ਮਰੋੜ ਪੇਸ਼ ਕੀਤਾ ਗਿਐ

ਚੰਡੀਗੜ੍ਹ, 2 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਦਿੱਤੇ ਬਿਆਨ ਨਾਲ ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਆਪਣੇ ਮੰਤਰੀ ਸਾਥੀਆਂ ਦੀ ਚਾਂਦਮਾਰੀ ਦੀ ਮਾਰ ਹੇਠ ਆ ਗਏ ਹਨ। ਕਈ ਮੰਤਰੀਆਂ ਨੇ ਇਸ ਮੌਕੇ ਨਵਜੋਤ ਸਿੰਘ ਸਿੱਧੂ ਦਾ ਅਸਤੀਫ਼ਾ ਮੰਗਿਆ ਹੈ।



ਇਸ ਸੰਬੰਧ ਵਿੱਚ ਪੇਂਡੂ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਮਾਲ ਮੰਤਰੀ ਸੁਖਬਿੰਦਰ ਸਿੰਘ ਸੁਖ ਸਰਕਾਰੀਆ ਨੇ ਨਵਜੋਤ ਸਿੰਘ ਸਿੱਧੂ ਤੋਂ ਅਸਤੀਫ਼ਾ ਮੰਗਦੇ ਹੋਏ ਕਿਹਾ ਕਿ ਜੇ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਟੀਮ ਦਾ ਕੈਪਟਨ ਨਹੀਂ ਮੰਨਦੇ ਤਾਂ ਟੀਮ ਤੋਂ ਵੱਖ ਹੋ ਜਾਣ। ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਿਰਫ ਏਨਾ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੂੰ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਨਹੀਂ ਬੋਲਣਾ ਚਾਹੀਦਾ ਸੀ।

ਮਿਲੀ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਨਾਲ ਜੁੜੇ ਲੋਕ ਤਿੰਨ ਗੱਲਾਂ ਸੋਚ ਰਹੇ ਹਨ। ਇੱਕ ਇਹ ਕਿ ਨਵਜੋਤ ਸਿੰਘ ਸਿੱਧੂ ਦੇ ਖ਼ਿਲਾਫ਼ ਮੁੱਖ ਮੰਤਰੀ ਅਮਰਿੰਦਰ ਸਿੰਘ ਖੁਦ ਕੁਝ ਕਾਰਵਾਈ ਕਰਨ, ਦੂਸਰਾ ਮੁੱਖ ਮੰਤਰੀ ਉਸ ਦੇ ਖ਼ਿਲਾਫ਼ ਪਾਰਟੀ ਹਾਈ ਕਮਾਂਡ ਨੂੰ ਸ਼ਿਕਾਇਤ ਕਰਕੇ ਕਾਰਵਾਈ ਦੀ ਮੰਗ ਕਰਨ ਤੇ ਤੀਸਰਾ ਮੰਤਰੀ ਮੰਡਲ ਦੀ ਬੈਠਕ ਵਿੱਚ ਇਹ ਮੁੱਦਾ ਵਿਚਾਰਿਆ ਜਾਵੇ। ਪੰਜਾਬ ਕਾਂ-ਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਿੱਧੂ ਦੀਆਂ ਟਿੱਪਣੀਆਂ ਬਾਰੇ ਕਿਹਾ ਕਿ ਸਿੱਧੂ ਨੇ ਪ੍ਰੈਸ ਕਾਨਫਰੰਸ ਦੌਰਾਨ ਕੀ ਕਿਹਾ, ਇਹ ਘਰੇਲੂ ਮਾਮਲਾ ਹੈ ਤੇ ਘਰ ਅੰਦਰ ਬੈਠ ਕੇ ਹੱਲ ਕਰਾਂਗੇ।

ਦੂਸਰੇ ਪਾਸੇ ਨਵਜੋਤ ਸਿੰਘ ਸਿੱਧੂ ਨੇ ਪਾਕਿਸਤਾਨ ਦੌਰੇ ਉੱਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਭੇਜੇ ਜਾਣ ਦੇ ਬਿਆਨ ਤੋਂ ਮੋੜਾ ਕੱਟ ਕੇ ਕਿਹਾ, 'ਮੈਂ ਬਿਲਕੁਲ ਨਹੀਂ ਕਿਹਾ ਕਿ ਰਾਹੁਲ ਗਾਂਧੀ ਨੇ ਭੇਜਿਆ ਸੀ। ਪਾਕਿਸਤਾਨ ਸਰਕਾਰ ਤੋਂ ਨਿੱਜੀ ਸੱਦਾ ਆਇਆ ਸੀ।' ਰਾਜਸਥਾਨ ਵਿੱਚ ਚੋਣ ਪ੍ਰਚਾਰ ਦੌਰਾਨ ਸਿੱਧੂ ਨੇ ਟਵੀਟ ਕਰਕੇ ਆਖਿਆ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ਼ ਉਨ੍ਹਾਂ ਟਿੱਪਣੀ ਨਹੀਂ ਕੀਤੀ, ਪੱਤਰਕਾਰਾਂ ਦੇ ਸਵਾਲ ਦੇ ਜਵਾਬ ਵਿੱਚ ਇਹ ਕਿਹਾ ਸੀ ਕਿ ਰਾਹੁਲ ਗਾਂਧੀ ਸਾਡੇ ਸਾਰਿਆਂ ਦੇ ਕੈਪਟਨ ਹਨ। ਸਿੱਧੂ ਨੇ ਕਿਹਾ ਕਿ ਮੀਡੀਆ ਦੇ ਕੁੱਝ ਹਿੱਸੇ ਨੇ ਪ੍ਰੈਸ ਕਾਨਫਰੰਸ ਨੂੰ ਅੱਧਾ ਦਿਖਾਇਆ ਹੈ। ਇਸੇ ਪ੍ਰੈੱਸ ਕਾਨਫਰੰਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ ਪਿਤਾ ਸਮਾਨ ਕਿਹਾ ਹੈ, ਜਿਸ ਨੂੰ ਨਹੀਂ ਦਿਖਾਇਆ। ਸਿੱਧੂ ਨੇ ਕਿਹਾ ਕਿ ਉਹ ਆਪਣੀ ਆਤਮਾ ਤੇ ਪੰਜਾਬ ਦੇ ਲੋਕਾਂ ਨੂੰ ਜਵਾਬਦੇਹ ਹਨ।

ਇਸ ਦੌਰਾਨ ਗੁਰਦੁਆਰਾ ਕਰਤਾਰ-ਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਯੋਜਨਾ ਬਾਰੇ ਭਾਰਤੀ ਮੀਡੀਆ ਦੀ ਨਾਂਹ-ਪੱਖੀ ਮੁਹਿੰਮ ਦੀ ਨਿਖੇਧੀ ਕਰਦਿਆਂ ਪਾਕਿਸਤਾਨ ਨੇ ਕਿਹਾ ਹੈ ਕਿ ਲਾਂਘਾ ਸਿਰਫ ਸਿੱਖ ਭਾਈਚਾਰੇ ਦੀ ਚਿਰ ਤੋਂ ਅਧੂਰੀ ਖਾਹਸ਼ ਪੂਰੀ ਕਰਨ ਲਈ ਖੋਲ੍ਹਣ ਦਾ ਇਤਿਹਾਸਕ ਕਦਮ ਹੈ।

ਵਰਨਣ ਯੋਗ ਹੈ ਕਿ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਬੀਤੀ 28 ਨਵੰਬਰ ਨੂੰ ਤਿੰਨ ਭਾਰਤੀ ਮੰਤਰੀਆਂ ਦੀ ਹਾਜ਼ਰੀ ਵਿਚ ਕਰਤਾਰਪੁਰ ਦੇ ਲਾਂਘੇ ਦੇ ਗੇਟ ਲਈ ਨੀਂਹ ਪੱਥਰ ਰੱਖਿਆ ਸੀ। ਉਸ ਤੋਂ ਅਗਲੇ ਦਿਨ ਸਰਕਾਰ ਦੇ 100 ਦਿਨ ਪੂਰੇ ਹੋ ਦੇ ਸਮਾਗਮ ਦੌਰਾਨ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਇਮਰਾਨ ਖ਼ਾਨ ਨੇ ਕਰਤਾਰਪੁਰ ਦੀ ਗੁਗਲੀ ਨਾਲ ਭਾਰਤ ਨੂੰ ਫਸਾ ਲਿਆ ਅਤੇ ਸਾਡੇ ਨਾਲ ਗੱਲਬਾਤ ਤੋਂ ਇਨਕਾਰ ਕਰਦੇ ਭਾਰਤ ਨੂੰ ਆਪਣੇ ਦੋ ਮੰਤਰੀ ਭੇਜਣੇ ਪਏ ਸਨ। ਕੁਰੈਸ਼ੀ ਦੀ ਟਿੱਪਣੀ ਨੂੰ ਭਾਰਤ ਦੇ ਕਈ ਚੈਨਲਾਂ ਨੇ ਪੇਸ਼ ਕਰ ਕੇ ਕਿਹਾ ਸੀ ਕਿ ਨਵਜੋਤ ਸਿੰਘ ਸਿੱਧੂ ਨੂੰ ਪਾਕਿ ਸਰਕਾਰ ਦੀ ਪਿੱਠ ਨਹੀਂ ਠੋਕਣੀ ਚਾਹੀਦੀ ਸੀ। ਓਥੇ ਗਏ ਦੋਵੇਂ ਭਾਰਤੀ ਮੰਤਰੀਆਂ ਹਰਸਿਮਰਤ ਕੌਰ ਬਾਦਲ ਅਤੇ ਹਰਦੀਪ ਸਿੰਘ ਪੁਰੀ ਨੇ ਵਾਪਸੀ ਮੌਕੇ ਕਸ਼ਮੀਰ ਤੇ ਕਰਤਾਰਪੁਰ ਲਾਂਘੇ ਬਾਰੇ ਕੁਝ ਸਖ਼ਤ ਟਿੱਪਣੀਆਂ ਕੀਤੀਆਂ ਸਨ। ਸ਼ਨਿਚਰਵਾਰ ਪਾਕਿਸਤਾਨ ਦੇ ਵਿਦੇਸ਼ ਵਿਭਾਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅਸੀਂ ਭਾਰਤੀ ਮੀਡੀਏ ਦੇ ਇਕ ਹਿੱਸੇ ਵਲੋਂ ਕਰਤਾਰਪੁਰ ਲਾਂਘੇ ਬਾਰੇ ਪਾਕਿਸਤਾਨ ਦੀ ਪਹਿਲ ਦੇ ਖਿਲਾਫ਼ ਚਲਾਈ ਜਾ ਰਹੀ ਇਸ ਕਿਸਮ ਦੇ ਨਾਂਹ-ਪੱਖੀ ਮੁਹਿੰਮ ਤੋਂ ਬਹੁਤ ਦੁਖੀ ਹਾਂ।'

## ਚੀਫ਼ ਖ਼ਾਲਸਾ ਦੀਵਾਨ ਦੀ ਚੋਣ ਉਤੇ ਅਦਾਲਤ ਨੇ ਰੋਕ ਲਾਈ

ਅੰਮ੍ਰਿਤਸਰ, 2 ਦਸੰਬਰ, (ਪੋਸਟ ਬਿਊਰੋ)- ਜਾਅਲੀ ਵੋਟਾਂ ਦੇ ਦੋਸ਼ ਹੇਠ ਅਦਾਲਤ ਨੇ ਚੀਫ਼ ਖ਼ਾਲਸਾ ਦੀਵਾਨ ਦੀ ਅੱਜ 2 ਦਸੰਬਰ ਨੂੰ ਹੋ ਰਹੀ ਚੋਣ ਉਤੇ ਰੋਕ ਲਾ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਕ ਹਰਜੀਤ ਸਿੰਘ ਸਚਦੇਵਾ ਨਾਂ ਦੇ ਮੈਂਬਰ ਨੇ ਜੂਨੀਅਰ ਸਿਵਲ ਜੱਜ ਦੀ ਅਦਾਲਤ ਵਿਚ ਅਰਜ਼ੀ ਦਾਇਰ ਕਰ ਕੇ ਦੋਸ਼ ਲਾਇਆ ਕਿ ਵੋਟਰ ਸੂਚੀਆਂ ਵਿਚ ਬੋਗਸ ਵੋਟਾਂ ਹਨ, ਜਿਨ੍ਹਾਂ ਵਿਚ ਮਰੇ ਹੋਏ ਲੋਕਾਂ ਦੇ ਨਾਵਾਂ 'ਤੇ ਵੀ ਵੋਟਾਂ ਹਨ। ਅਦਾਲਤ ਨੇ ਮਾਮਲੇ ਦੀ ਗੰਭੀਰਤਾ ਵੇਖ ਕੇ ਦੋ ਦਸੰਬਰ ਨੂੰ ਹੋ ਰਹੀ ਚੋਣ 'ਤੇ ਅਗਲੇ ਹੁਕਮ ਤੱਕ ਰੋਕ ਲਾ ਦਿੱਤੀ ਹੈ। ਇਸ ਦੀ ਅਗਲੀ



ਸੁਣਵਾਈ 7 ਦਸੰਬਰ ਨੂੰ ਹੋਵੇਗੀ।

ਇਹ ਫ਼ੈਸਲਾ ਆਉਣ ਪਿੱਛੋਂ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਸਾਰੇ ਮੈਂਬਰਾਂ ਨੂੰ ਪੱਤਰ ਭੇਜ ਕੇ ਜਾਣੂ ਕਰਾਇਆ ਹੈ। ਦੂਜੇ ਪਾਸੇ ਸਰਬਜੀਤ ਸਿੰਘ ਧੜੇ ਵੱਲੋਂ ਅਦਾਲਤ ਦੇ ਇਸ ਫ਼ੈਸਲੇ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਸਰਬਜੀਤ ਸਿੰਘ ਨੇ ਕਿਹਾ ਕਿ ਅਦਾਲਤ ਨੇ ਕੇਸ ਦਾ ਗੰਭੀਰ ਨੋਟਿਸ ਲੈ ਕੇ ਸਟੇਅ ਆਰਡਰ ਜਾਰੀ ਕੀਤੇ ਹਨ। ਉਨ੍ਹਾਂ ਮੰਗ ਕੀਤੀ ਕਿ ਬੋਗਸ ਵੋਟਾਂ ਦੀ ਜਾਂਚ ਰਿਪੋਰਟ ਆਉਣ ਪਿੱਛੋਂ ਚੋਣ ਹੋਣੀ ਚਾਹੀਦੀ ਹੈ। ਓਧਰ ਨਿਰਮਲ ਸਿੰਘ ਗਰੁੱਪ ਵੱਲੋਂ ਸਾਬਕਾ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ ਨੇ ਐਲਾਨ ਕੀਤਾ ਕਿ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਸੈਸ਼ਨ ਅਦਾਲਤ ਵਿਚ ਚੁਣੌਤੀ ਦਿੱਤੀ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਅਦਾਲਤ ਦੀ ਕਾਰਵਾਈ ਇੱਕਪਾਸੜ ਹੈ ਤੇ ਰੋਕ ਲਾਉਣ ਤੋਂ ਪਹਿਲਾਂ ਦੂਜੀ ਧਿਰ ਦਾ ਪੱਖ ਨਹੀਂ ਸੁਣਿਆ ਗਿਆ।

## ਸਿੱਖਿਆ ਮੰਤਰੀ ਦੇ ਭਰੋਸੇ ਪਿੱਛੋਂ ਅਧਿਆਪਕਾਂ ਦਾ ਧਰਨਾ ਸਮਾਪਤ

ਪਟਿਆਲਾ, 2 ਦਸੰਬਰ, (ਪੋਸਟ ਬਿਊਰੋ)- ਸਿੱਖਿਆ ਮੰਤਰੀ ਓ ਪੀ ਸੋਨੀ ਨੇ ਇਥੇ 56 ਦਿਨਾਂ ਤੋਂ ਲੱਗੇ ਧਰਨੇ 'ਤੇ ਬੈਠੇ ਅਧਿਆਪਕਾਂ ਕੋਲ ਪਹੁੰਚ ਕੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕਰਨ ਦਾ ਭਰੋਸਾ ਦਿੱਤਾ ਅਤੇ ਭੁੱਖ ਹੜਤਾਲ ਉੱਤੇ ਬੈਠੇ ਅਧਿਆਪਕਾਂ ਨੂੰ ਜੂਸ ਪਿਆ ਕੇ ਧਰਨਾ ਸਮਾਪਤ ਕਰਵਾਇਆ।

ਅੱਜ ਸ਼ਾਮ ਮੰਤਰੀ ਓ ਪੀ ਸੋਨੀ ਨੇ ਧਰਨਾ ਸਥਾਨ ਉੱਤੇ ਪਹੁੰਚ ਕੇ ਐਲਾਨ ਕੀਤਾ ਕਿ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ 5178 ਵਾਲੇ ਅਧਿਆਪਕਾਂ ਨੂੰ ਜਨਵਰੀ 2019 ਤੋਂ ਪੂਰੀ ਤਨਖਾਹ ਮਿਲੇਗੀ ਤੇ ਵਾਲੰਟੀਅਰ ਕੈਟਾਗਰੀ ਹੇਠ ਭਰਤੀ ਅਧਿਆਪਕਾਂ ਦੀ ਤਨਖ਼ਾਹ ਵਿੱਚ 1500 ਰੁਪਏ ਵਾਧਾ ਹੋਵੇਗਾ। ਉਨ੍ਹਾਂ ਕਿਹਾ ਕਿ ਐਸ ਐਸ ਏ, ਰਮਸਾ ਅਤੇ ਆਦਰਸ਼ ਸਕੂਲ ਅਧਿਆਪਕਾਂ ਦੀ ਤਨਖਾਹ 'ਚ ਕਟੌਤੀ ਬਾਰੇ ਮੁੱਖ ਮੰਤਰੀ ਨਾਲ ਮੀਟਿੰਗ ਕਰਾਈ ਜਾਵੇਗੀ ਤੇ ਸੁਸਾਇਟੀਆਂ ਵਾਲੇ ਅਧਿਆਪਕਾਂ ਦੇ ਮਸਲੇ ਨਿਬੇੜਨ ਲਈ 4 ਦਸੰਬਰ ਨੂੰ ਉਹ ਖ਼ੁਦ ਅਧਿਆਪਕ ਮੋਰਚੇ ਨਾਲ ਗੱਲਬਾਤ ਕਰਨਗੇ। ਮੰਤਰੀ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਅਧਿਆਪਕਾਂ ਦੀਆਂ ਬਦਲੀਆਂ ਜਾਂ ਸਸਪੈਂਸ਼ਨ ਹੋਈ ਹੈ, ਉਹ ਹੁਕਮ ਰੱਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਗਲਤਫਹਿਮੀਆਂ ਦਾ ਹੱਲ ਗੱਲਬਾਤ ਨਾਲ ਨਿਕਲ ਜਾਂਦਾ ਹੈ।

## ਰਾਤ ਨੂੰ ਟਰੱਕਾਂ ਵਿੱਚੋਂ ਧੱਕੇ ਨਾਲ ਡੀਜ਼ਲ ਕਢਾਉਣ ਵਾਲੇ ਥਾਣੇਦਾਰ ਫੜੇ ਗਏ

ਅੰਮ੍ਰਿਤਸਰ, 2 ਦਸੰਬਰ (ਪੋਸਟ ਬਿਊਰੋ)- ਸੜਕਾਂ ਉੱਤੇ ਰਾਤ ਵੇਲੇ ਨਾਕੇ ਉਤੇ ਟਰੱਕ ਰੋਕ ਕੇ ਧੱਕੇ ਨਾਲ ਡੀਜ਼ਲ ਕੱਢਣ ਦੀ ਵੀਡੀਓ ਵਾਇਰਲ ਹੋਣ ਪਿੱਛੋਂ ਪੁਲਸ ਨੇ ਕਾਰਵਾਈ ਕਰਦਿਆਂ ਦੋਵੇਂ ਥਾਣੇਦਾਰਾਂ ਨੂੰ ਨੌਕਰੀ ਤੋਂ ਸਸਪੈਂਡ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਨ੍ਹਾਂ ਦੇ ਖਿਲਾਫ ਥਾਣਾ ਜੰਡਿਆਲਾ ਵਿਖੇ ਜਬਰੀ ਵਸੂਲੀ ਦੇ ਦੋਸ਼ਾਂ ਹੇਠ ਪਰਚਾ ਦਰਜ ਕਰ ਲਿਆ ਗਿਆ ਹੈ। ਗ੍ਰਿਫਤਾਰ ਦੋਸ਼ੀਆਂ ਦੀ ਪਛਾਣ ਏ ਐੱਸ ਆਈ ਅਵਤਾਰ ਸਿੰਘ ਅਤੇ ਏ ਐੱਸ ਆਈ ਸੁਖਵਿੰਦਰ ਸਿੰਘ ਵਜੋਂ ਹੋਈ ਹੈ, ਜੋ ਪੁਲਸ ਜ਼ਿਲ੍ਹਾ ਦਿਹਾਤੀ ਦੇ ਮੁਲਾਜ਼ਮ ਹਨ।

ਵਰਨਣ ਯੋਗ ਹੈ ਕਿ ਇੱਕ ਵੀਡੀਓ ਇੱਕ ਟਰੱਕ ਡਰਾਈਵਰ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀ ਹੈ, ਜਿਸ ਨੂੰ ਤਰਨ ਤਾਰਨ ਅੰਮ੍ਰਿਤਸਰ ਬਾਈਪਾਸ ਉੱਤੇ ਵਾਪਰੀ ਘਟਨਾ ਨਾਲ ਸੰਬੰਧਤ ਦੱਸਿਆ ਗਿਆ ਹੈ। ਇਨ੍ਹਾਂ ਥਾਣੇਦਾਰਾਂ ਨੇ ਰਾਤ ਦੀ ਡਿਊਟੀ ਦੌਰਾਨ ਪਹਿਲਾਂ ਉਸ ਟਰੱਕ ਵਾਲੇ ਤੋਂ ਦੋ ਲੀਟਰ ਡੀਜ਼ਲ ਕਢਵਾਇਆ ਤੇ ਫਿਰ ਜਦੋਂ ਉਹ ਇੱਕ ਹੋਰ ਟਰੱਕ ਵਿੱਚੋਂ ਡੀਜ਼ਲ ਕਢਵਾ ਰਹੇ ਸਨ ਤਾਂ ਉਸ ਨੇ ਉਨ੍ਹਾਂ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਤੇ ਪਾ ਦਿਤੀ। ਉਸ ਨੇ ਕਿਹਾ ਕਿ ਉਹ ਇਹ ਤੇਲ ਆਪਣੀ ਨਿੱਜੀ ਕਾਰ ਬਲੈਰੋ ਵਿੱਚ ਪਾਉਣੇ ਲਈ ਇਹ ਕਹਿ ਕੇ ਮੰਗਦੇ ਸਨ ਕਿ ਪੁਲਸ ਇਨ੍ਹਾਂ ਨੂੰ ਪੈਸੇ ਨਹੀਂ ਦਿੰਦੀ, ਇਸ ਲਈ ਟਰੱਕ ਡਰਾਈਵਰਾਂ ਨੂੰ ਤੰਗ ਕਰਦੇ ਅਤੇ ਜਬਰੀ ਡੀਜ਼ਲ ਲੈਂਦੇ ਹਨ। ਟਰੈਫਿਕ ਪੁਲਸ ਦੇ ਇੰਚਾਰਜ ਹਰਪਾਲ ਸਿੰਘ ਨੇ ਦੋਵੇਂ ਥਾਣੇਦਾਰਾਂ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਜ਼ਿਲ੍ਹਾ ਪੁਲਸ ਮੁਖੀ ਪਰਮਪਾਲ ਸਿੰਘ ਨੇ ਦੋਵੇਂ ਥਾਣੇਦਾਰਾਂ ਨੂੰ ਨੌਕਰੀ ਤੋਂ ਸਸਪੈਂਡ ਕਰ ਦਿੱਤਾ ਹੈ।

## ਫੋਕਲ ਪੁਆਇੰਟਾਂ ਦੀਆਂ ਇਮਾਰਤਾਂ ਵੰਨ ਟਾਈਮ ਸੈਟਲਮੈਂਟ ਨਾਲ ਰੈਗੂਲਰ ਕੀਤੀਆਂ ਜਾਣਗੀਆਂ



ਚੰਡੀਗੜ੍ਹ, 2 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਫੋਕਲ ਪੁਆਇੰਟਾਂ ਵਿੱਚ ਬਣੇ ਕਮਰਸ਼ੀਅਲ ਕੰਸਟ੍ਰਕਸ਼ਨ ਨੂੰ ਰੈਗੂਲਰ ਕਰਨ ਲੱਗੀ ਹੈ। ਇਸ ਦੇ ਲਈ ਬਾਕਾਇਦਾ ਵਨ ਟਾਈਮ ਸੈਟਲਮੈਂਟ ਯੋਜਨਾ ਕੱਢੀ ਜਾਵੇਗੀ, ਜਿਹੜੀ ਨਾਜਾਇਜ਼ ਕਾਲੋਨੀਆਂ ਨੂੰ ਜਾਇਜ਼ ਕਰਨ ਵਰਗੀ ਹੋਵੇਗੀ। ਹਾਲੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਸਾਰੇ ਫੋਕਲ ਪੁਆਇੰਟਾਂ ਵਿੱਚ ਬਣੇ ਕਾਮਰਸ਼ੀਅਲ ਕੰਸਟ੍ਰਕਸ਼ਨ ਦੀ ਸਕ੍ਰੀਨਿੰਗ ਸ਼ੁਰੂ ਕੀਤੀ ਹੈ।

ਇਸ ਫੈਸਲੇ ਦੀ ਪੁਸ਼ਟੀ ਸ਼ਹਿਰੀ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕੀਤੀ ਹੈ। ਮਹੱਤਵ ਪੂਰਨ ਗੱਲ ਇਹ ਹੈ ਕਿ ਨਾਜਾਇਜ਼ ਕਾਲੋਨੀਆਂ ਨੂੰ ਜਾਇਜ਼ ਕਰਨ ਲਈ ਲਿਆਂਦੀ ਗਈ ਪਾਲਿਸੀ ਵਾਂਗ ਹੀ ਇਨ੍ਹਾਂ ਕਾਮਰਸ਼ੀਅਲ ਢਾਂਚਿਆਂ ਲਈ ਜ਼ਿੰਮੇਵਾਰ ਅਧਿਕਾਰੀਆਂ ਦੇ ਵਿਰੁੱਧ ਵੀ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਸਰਕਾਰ ਇਸ ਜਾਂਚ ਦੇ ਲਈ ਤਿਆਰ ਨਹੀਂ ਕਿ ਇੰਡਸਟਰੀਅਲ ਜ਼ੋਨ ਵਿੱਚ ਕਾਮਰਸ਼ੀਅਲ ਢਾਂਚੇ ਬਣਨ ਲਈ ਜ਼ਿੰਮੇਵਾਰ ਕਿਹੜੇ ਅਧਿਕਾਰੀ ਹਨ। ਮਿਲੀ ਜਾਣਕਾਰੀ ਅਨੁਸਾਰ ਵਿਭਾਗ ਹਰ ਸ਼ਹਿਰ ਦੇ ਫੋਕਲ ਪੁਆਇੰਟ ਵਿੱਚ ਜ਼ਮੀਨ ਦੇ ਮੁੱਲ ਦੇ ਹਿਸਾਬ ਨਾਲ ਨਾ ਸਿਰਫ ਪੈਨਾਲਟੀ ਤੈਅ ਕਰੇਗਾ, ਸਗੋਂ ਸੈਟਲਮੈਂਟ ਵਿੱਚ ਵੀ ਇਸ ਦਾ ਧਿਆਨ ਰੱਖੇਗਾ। ਵਿਭਾਗ ਦੀ ਰਾਏ ਹੈ ਕਿ ਇਕੋ ਰੇਟ ਹਰੇਕ ਸ਼ਹਿਰ ਲਈ ਲਾਗੂ ਨਹੀਂ ਹੋ ਸਕਦਾ। ਪਤਾ ਲੱਗਾ ਹੈ ਕਿ ਮੁੱਖ ਰੂਪ ਇਹ ਸਮੱਸਿਆ ਲੁਧਿਆਣਾ ਤੇ ਜਲੰਧਰ ਵਿੱਚ ਹੈ। ਇਥੇ ਇੰਡਸਟਰੀਅਲ ਫੋਕਲ ਪੁਆਇੰਟ ਵਿੱਚ ਕਾਮਰਸ਼ੀਅਲ ਬਿਲਡਿੰਗਾਂ ਹਨ।

ਸ਼ਹਿਰੀ ਵਿਕਾਸ ਮੰਤਰੀ ਤ੍ਰਿਪਤ ਰਾਜਿੰ-ਦਰ ਸਿੰਘ ਬਾਜਵਾ ਦੇ ਮੁਤਾਬਕ ਵਿਭਾਗ ਦੀ ਜਾਣਕਾਰੀ ਵਿੱਚ ਆਇਆ ਹੈ ਕਿ ਇੰਡਸਟਰੀਅਲ ਜ਼ੋਨ ਵਿੱਚ ਕਈ ਜਗ੍ਹਾਂ ਜ਼ਮੀਨ ਦੀ ਅਲਾਟਮੈਂਟ ਇੰਡਸਟਰੀ ਵਸਤੇ ਹੋਈ, ਪਰ ਇੰਡਸਟਰੀ ਆਈ ਨਹੀਂ ਅਤੇ ਉਥੇ ਕਮਰਸ਼ੀਅਲ ਬਿਲਡਿੰਗ ਜਾਂ ਰਿਹਾਇਸ਼ੀ ਮਕਾਨ ਬਣ ਗਏ ਹਨ। ਇਸ ਵੇਲੇ ਲੋਕਾਂ ਦੇ ਹਿੱਤਾਂ ਦਾ ਧਿਆਨ ਰੱਖਦੇ ਹੋਏ ਉਸ ਨੂੰ ਤੋੜਿਆ ਜਾਂ ਖਤਮ ਨਹੀਂ ਕੀਤਾ ਜਾ ਸਕਦਾ। ਵਿਭਾਗ ਵਨ ਟਾਈਮ ਸੈਟਲਮੈਂਟ ਯੋਜਨਾ ਲਾਗੂ ਕਰੇਗਾ। ਇਸ 'ਤੇ ਕੰਮ ਕੰਮ ਸ਼ੁਰੂ ਹੋ ਗਿਆ ਹੈ। ਕਿਉਂਕਿ ਇਹ ਇਕ ਬੇਹੱਦ ਪੇਚੀਦਗੀ ਭਰਿਆ ਕਦਮ ਹੈ, ਸਰਕਾਰ ਸਾਰੇ ਪੱਖਾਂ ਨੂੰ ਸੁਣਨ ਦੇ ਬਾਅਦ ਹੀ ਯੋਜਨਾ ਤਿਆਰ ਕਰੇਗੀ।

## ਲੌਂਗੋਵਾਲ ਕਹੀ ਜਾਂਦੈ; ਪਾਕਿਸਤਾਨ ਵਿੱਚ ਮਿਲਿਆ ਸਤਿਕਾਰ ਯਾਦ ਰਹੇਗਾ

ਲੌਂਗੋਵਾਲ, 2 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਸੰਬੰਧੀ ਕਰਵਾਏ ਗਏ ਸਮਾਗਮ ਵਿੱਚ ਸ਼ਾਮਲ ਹੋਣ ਪਿੱਛੋਂ ਆਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਪਣੇ ਜੱਦੀ ਪਿੰਡ ਲੌਂਗੋਵਾਲ ਵਿੱਚ ਪੱਤਰਕਾਰਾਂ ਨੂੰ ਦੱਸਿਆ ਹੈ ਕਿ ਸਮਾਗਮ ਮੌਕੇ ਪਾਕਿ-ਸਤਾਨ ਸਰਕਾਰ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਸੀ। ਉਨ੍ਹਾਂ ਕਿਹਾ ਕਿ ਉਥੇ ਮਿਲਿਆ ਸਤਿਕਾਰ ਨੂੰ ਉਨ੍ਹਾਂ ਨੂੰ ਲੰਮਾ ਸਮਾਂ ਯਾਦ ਰਹੇਗਾ।

ਅਫਵਾਹਾਂ ਨੂੰ ਰੱਦ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਨਾਂਅ ਸਮਾਗਮ ਵੇਲੇ ਸੰਬੋਧਨ ਕਰਨ ਵਾਲੇ ਬੁਲਾਰਿਆਂ ਦੀ ਸੂਚੀ ਵਿੱਚ ਦਰਜ ਸੀ, ਪਰ ਪ੍ਰਧਾਨ ਮੰਤਰੀ ਇਮਰਾਨ ਖਾਨ ਦੋ ਘੰਟੇ ਦੇਰੀ ਨਾਲ ਪੁੱਜਣ ਕਾਰਨ ਸਮਾਗਮ ਨੂੰ ਛੋਟਾ ਕਰ ਦਿੱਤਾ ਗਿਆ ਤੇ ਉਨ੍ਹਾਂ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਨੂੰ ਸੰਬੋਧਨ ਦਾ ਸਮਾਂ ਨਾ ਮਿਲਣ ਕਾਰਨ ਪ੍ਰਬੰਧਕਾਂ ਨੇ ਮੁਆਫੀ ਮੰਗ ਲਈ ਸੀ। ਇਸ ਮੌਕੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਲਾਂਘਾ ਖੁੱਲ੍ਹਵਉਣ ਦੇ ਯੋਗਦਾਨ ਬਾਰੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਜਿਸ ਨੇ ਵੀ ਯਤਨ ਕੀਤੇ ਹਨ, ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਮਾਗਮ ਵਿੱਚ ਬੈਠਣ ਦੀ ਥਾਂ ਸਰਕਾਰ ਨੇ ਨਿਰਧਾਰਤ ਕੀਤੀ ਸੀ ਤੇ ਗੋਪਾਲ ਸਿੰਘ ਚਾਵਲਾ ਨਾਲ ਫੋਟੋ ਇਤਫਾਕ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪਾਕਿ-ਸਤਾਨ ਯਾਤਰਾ ਦੌਰਾਨ ਉਨ੍ਹਾਂ ਵੇਖਿਆ ਕਿ ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਦੀਆਂ ਯਾਦਗਾਰਾਂ ਨੂੰ ਨਾ ਸਿਰਫ ਅਣਗੌਲਿਆ ਕੀਤਾ ਗਿਆ ਹੈ, ਅਸਥਾਨਾਂ ਦੀ ਮਰਿਆਦਾ ਨੂੰ ਬਹਾਲ ਕਰਵਾਉਣ ਲਈ ਪਾਕਿਸਤਾਨ ਸਰਕਾਰ ਨਾਲ ਰਾਬਤਾ ਕੀਤਾ ਜਾਵੇਗਾ।

ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਆਖਿਆ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਸਿੱਖਾਂ ਵੱਲੋਂ ਚਿਰਾਂ ਤੋਂ ਕੀਤੀਆਂ ਜਾਂਦੀਆਂ ਅਰਦਾਸਾਂ ਦਾ ਸਿੱਟਾ ਹੈ। ਇਹ ਲਾਂਘਾ ਖੁੱਲ੍ਹਾਉਣ ਲਈ ਯੋਗਦਾਨ ਪਾ ਰਹੇ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕੇਂਦਰੀ ਤੇ ਸੂਬਾ ਸਰਕਾਰਾਂ ਕੋਲੋਂ ਇਸ ਪ੍ਰੋਜੈਕਟ ਨੂੰ ਜਲਦੀ ਨੇਪਰੇ ਚਾੜ੍ਹਨ ਦੀ ਮੰਗ ਕੀਤੀ।

## ਪੰਜਾਬ ਨੈਸ਼ਨਲ ਬੈਂਕ ਵਿੱਚੋਂ ਚਿੱਟੇ ਦਿਨ 13 ਲੱਖ ਰੁਪਏ ਲੁੱਟੇ ਗਏ

ਹੁਸ਼ਿਆਰਪੁਰ, 2 ਦਸੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੀ ਫਗਵਾੜਾ ਰੋਡ 'ਤੇ ਅੱਡਾ ਬੱਸੀ ਦੌਲਤ ਖਾਂ ਵਿਖੇ ਪੰਜਾਬ ਨੈਸ਼ਨਲ ਬੈਂਕ ਨੂੰ ਦਿਨ ਦਿਹਾੜੇ ਨਿਸ਼ਾਨਾ ਬਣਾ ਕੇ ਹਥਿਆਰਾਂ ਦੀ ਨੋਕ 'ਤੇ ਪੰਜ ਲੁਟੇਰਿਆਂ ਨੇ ਨੋਟਾਂ ਨਾਲ ਭਰਿਆ ਟਰੰਕ ਲੁੱਟ ਲੈਣ ਦੀ ਵੱਡੀ ਵਾਰਦਾਤ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਦੁਪਹਿਰ ਬਾਅਦ ਜਦੋਂ ਬੈਂਕ ਵਿੱਚ ਲਗਭਗ 20 ਗਾਹਕ ਸਨ ਤਾਂ ਇਕਦਮ ਅੰਦਰ ਆਏ ਪੰਜ ਹਥਿਆਰਬੰਦ ਲੁਟੇਰਿਆਂ ਵਿੱਚੋਂ ਇਕ ਨੇ ਬੈਂਕ ਮੈਨੇਜਰ ਤਰਿੰਦਰ ਕੌਰ ਦੀ ਪੁੜਪੁੜੀ ਉੱਤੇ ਪਿਸਤੌਲ ਤਾਣ ਕੇ ਉਸ ਨੂੰ ਕੈਬਿਨ ਵਿੱਚੋਂ ਬਾਹਰ ਕੱਢ ਕੇ ਬਾਕੀ ਕਰਮਚਾਰੀਆਂ ਨਾਲ ਬੰਧਕ ਬਣਾ ਲਿਆ। ਇਕ ਹੋਰ ਲੁਟੇਰੇ ਨੇ ਬੈਂਕ ਅੰਦਰ ਮੌਜੂਦ ਗਾਹਕਾਂ ਨੂੰ ਪਿਸਤੌਲ ਦੀ ਨੋਕ 'ਤੇ ਬੰਦੀ ਬਣਾ ਲਿਆ ਤੇ ਕੋਈ ਹਰਕਤ ਨਾ ਕਰਨ ਲਈ ਕਿਹਾ। ਬਾਕੀ ਤਿੰਨਾਂ ਨੇ ਕੈਸ਼ ਕਾਊਂਟਰ ਉੱਤੇ ਜਾ ਕੇ ਕੈਸ਼ੀਅਰ ਨੂੰ ਹਥਿਆਰ ਦਿਖਾ ਕੇ ਉਸ ਕੋਲ ਪਿਆ ਕੈਸ਼ ਵਾਲਾ ਟਰੰਕ ਚੁੱਕ ਲਿਆ ਤੇ ਫਰਾਰ ਹੋ ਗਏ। ਬੈਂਕ ਸੂਤਰਾਂ ਮੁਤਾਬਕ ਟਰੰਕ ਵਿੱਚ 15 ਲੱਖ ਰੁਪਏ



ਪੁਲਸ ਨੂੰ ਜਾਣਕਾਰੀ ਦਿੰਦੇ ਹੋਏ ਬੈਂਕ ਅਧਿਕਾਰੀ।

ਦੀ ਰਕਮ ਪਹਿਲਾਂ ਪਈ ਸੀ ਤੇ ਪੰਜ ਲੱਖ ਰੁਪਏ ਦੀ ਕੱਲ੍ਹ ਹੋਰ ਆਉਣ ਨਾਲ ਕੁੱਲ 20 ਲੱਖ ਵਿੱਚੋਂ ਕਿੰਨੀ ਵੰਡੀ ਗਈ, ਉਸ ਦਾ ਵੇਰਵਾ ਜੋੜਿਆ ਜਾ ਰਿਹਾ ਹੈ। ਪੁਲਸ ਦੇ ਅਨੁਸਾਰ ਲੁੱਟੀ ਗਈ ਰਕਮ 13 ਲੱਖ ਤੋਂ ਵੱਧ ਹੈ। ਇਸ ਬਰਾਂਚ ਵਿੱਚ ਕੁਝ ਸਮੇਂ ਤੋਂ ਹਥਿਆਰਬੰਦ ਗਾਰਡ ਤਾਇਨਾਤ ਨਹੀਂ ਹੈ। ਪਤਾ ਲੱਗਾ ਹੈ ਕਿ ਲੁਟੇਰਿਆਂ ਨੇ ਐਨੀ ਪਲੈਨਿੰਗ ਨਾਲ ਵਾਰਦਾਤ ਕੀਤੀ ਕਿ ਉਹ ਬਰਾਂਚ ਵਿਚਲੇ ਸੀ ਸੀ ਟੀ ਵੀ ਕੈਮਰਿਆਂ ਦੀ ਰਿਕਾਰਡ ਵਾਲਾ ਡੀ ਵੀ ਆਰ ਤੱਕ ਲੈ ਗਏ। ਸੂਚਨਾ ਮਿਲਦੇ ਸਾਰ ਐਸ ਪੀ ਡੀ ਹਰਪ੍ਰੀਤ ਸਿੰਘ ਮੰਡੇਰ, ਡੀ ਐਸ ਪੀ ਅਨਿਲ ਕੋਹਲੀ ਅਤੇ ਹੋਰ ਅਧਿਕਾਰੀ ਮੌਕੇ 'ਤੇ ਪਹੁੰਚੇ। ਬਰਾਂਚ ਮੈਨੇਜਰ ਤਰਿੰਦਰ ਕੌਰ ਦੇ ਅਨੁਸਾਰ ਬੈਂਕ 'ਚ ਆਏ ਪੰਜ ਲੁਟੇਰਿਆਂ ਵਿੱਚੋਂ ਇਕ ਸਰਦਾਰ ਅਤੇ ਬਾਕੀ ਚਾਰ ਮੋਨੇ ਸਨ ਅਤੇ ਸਾਰਿਆਂ ਨੇ ਐਨਕਾਂ ਲਾਈਆਂ ਹੋਈਆਂ ਸਨ।

JEYA

LOOKING FOR LONG/SHORT HAULS

Hiring Team Drivers & Single drivers

DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS



www.jeyatransport.com

202-2386 Haines Rd., Mississauga ON.

Sakshi: 647-534-5770 | Riki: 647-963-7131

Office: 905-564-8851

Email: ramesh@jeyatransport.com/sakshi@jeyatransport.com

PLATINUM MORTGAGES

FOR ALL MORTGAGE NEEDS

QUICK MORTGAGE ARRANGEMENT

2ND MORTGAGE

- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING

Professional & Quality Service Guaranteed





Kanwaljit S. Dhunna
Mortgage broker

416.301.1976

Email: kdhunna62@gmail.com

Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

www.AREA REALTOR.com




KAMAL SANDHU

Sales Representative

647.891.0143

905.488.2100 ext. 407



# ਰਾਹੁਲ ਗਾਂਧੀ ਕਹਿੰਦੈ; ਨਰਿੰਦਰ ਮੋਦੀ ਅਸਲੀ ਹਿੰਦੂ ਨਹੀਂ



ਉਦੈਪੁਰ, 2 ਦਸੰਬਰ (ਪੋਸਟ ਬਿਊਰੋ)- ਰਾਜਸਥਾਨ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਅਤੇ ਕਾਂਗਰਸ ਵੱਲੋਂ ਇੱਕ ਦੂਜੇ ਵਿਰੁੱਧ ਜ਼ੋਰਦਾਰ ਸਿਆਸੀ ਹਮਲੇ ਹਾਲੇ ਵੀ ਜਾਰੀ ਹਨ। ਇੱਕ ਚੋਣ ਜਲਸੇ ਵਿੱਚ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਇਹ ਕਹਿ ਦਿੱਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਿੰਦੂਤਵ ਦੀ ਨੀਂਹ ਬਾਰੇ ਵੀ ਨਹੀਂ ਜਾਣਦੇ।

ਰਾਹੁਲ ਗਾਂਧੀ ਨੇ ਕਿਹਾ ਕਿ ਮੋਦੀ ਨੇ ਸਰਜੀਕਲ ਸਟਰਾਈਕ ਨੂੰ ਸਿਆਸੀ ਰੂਪ ਦੇ ਦਿੱਤਾ, ਜਦ ਕਿ ਫੈਸਲਾ ਦੇਸ਼ ਦੀ ਫੌਜ ਦਾ ਸੀ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਉਹ ਹਿੰਦੂ ਹਨ, ਪਰ ਉਹ ਹਿੰਦੂਤਵ ਦਾ ਨਿਚੋੜ ਨਹੀਂ ਜਾਣਦੇ। ਉਨ੍ਹਾਂ ਨੂੰ ਇਸ ਦੀ ਨੀਂਹ ਦਾ ਨਹੀਂ ਪਤਾ। ਫਿਰ ਉਹ ਕਿਸ ਤਰ੍ਹਾਂ ਹਿੰਦੂ ਹਨ? ਰਾਹੁਲ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਸਰਜੀਕਲ ਸਟਰਾਈਕ ਵਾਂਗ ਮਨਮੋਹਨ ਸਿੰਘ ਨੇ ਤਿੰਨ ਵਾਰ ਇੰਝ ਕੀਤਾ ਸੀ। ਫੌਜ ਜਦੋਂ ਮਨਮੋਹਨ ਸਿੰਘ ਦੇ ਕੋਲ ਆਈ ਅਤੇ ਕਿਹਾ ਕਿ ਪਾਕਿ-ਸਤਾਨ ਜੋ ਕੁਝ ਕਰ ਰਿਹਾ ਹੈ, ਉਸ ਦਾ ਸਾਨੂੰ ਬਦਲਾ ਚਾਹੀਦਾ ਹੈ ਤਾਂ ਮਨਮੋਹਨ ਸਿੰਘ ਨੇ ਕਿਹਾ ਕਿ ਸਾਨੂੰ ਆਪਣੇ ਮੰਤਵਾਂ ਲਈ ਗੁਪਤ ਰੱਖ ਕੇ ਕੰਮ ਕਰਨਾ ਚਾਹੀਦਾ ਹੈ।

ਨਰਿੰਦਰ ਮੋਦੀ ਸਰਕਾਰ ਦੀਆਂ ਨੀਤੀਆਂ ਉੱਤੇ ਹਮਲੇ ਕਰਦਿਆਂ ਰਾਹੁਲ ਨੇ ਕਿਹਾ ਕਿ ਮੋਦੀ ਇਹ ਸਮਝਦੇ ਹਨ ਕਿ ਦੁਨੀਆ ਦਾ ਸਾਰਾ ਗਿਆਨ ਉਨ੍ਹਾਂ ਦੇ ਦਿਮਾਗ ਵਿੱਚੋਂ ਨਿਕਲਦਾ ਹੈ, ਹੋਰਨਾਂ ਨੂੰ ਕੁਝ ਨਹੀਂ ਪਤਾ। ਯੂ ਪੀ ਏ ਸਰਕਾਰ ਵੇਲੇ ਐੱਨ ਪੀ ਏ ਦੋ ਲੱਖ ਕਰੋੜ ਰੁਪਏ ਦਾ ਸੀ, ਜਿਹੜਾ ਅੱਜ ਕੱਲ੍ਹ 12 ਲੱਖ ਕਰੋੜ ਰੁਪਏ ਦਾ ਹੋ ਗਿਆ ਹੈ।

ਰਾਹੁਲ ਗਾਂਧੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹਿੰਦੂਤਵ ਨੂੰ ਲੈ ਕੇ ਕੀਤੇ ਹਮਲੇ ਵਿਰੁੱਧ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਜਵਾਬੀ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਰਾਹੁਲ ਦਾ ਕਹਿਣਾ ਹੈ ਕਿ ਨਰਿੰਦਰ ਮੋਦੀ ਨੂੰ ਹਿੰਦੂ ਹੋਣ ਦਾ ਮਤਲਬ ਨਹੀਂ ਪਤਾ। ਅਸਲ ਵਿੱਚ ਰਾਹੁਲ ਨੇ ਇਹ ਗੱਲ ਇਸ ਲਈ ਕਹੀ ਹੈ ਕਿ ਉਹ ਅਤੇ ਕਾਂਗਰਸ ਆਪਣੇ ਧਰਮ ਦੇ ਜਾਤੀ ਬਾਰੇ ਕਨਫਿਊਜ਼ਡ ਹਨ। ਕਈ ਸਾਲਾਂ ਤੋਂ ਰਾਹੁਲ ਨੂੰ ਧਰਮ ਨਿਰਪੱਖ ਨੇਤਾ ਵਜੋਂ ਪੇਸ਼ ਕੀਤਾ ਗਿਆ, ਚੋਣਾਂ ਨੇੜੇ ਆਉਣ 'ਤੇ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਹਿੰਦੂ ਬਹੁ ਗਿਣਤੀ ਹਨ, ਇਸ ਲਈ ਉਹ ਅਜਿਹਾ ਅਕਸ ਬਣਾ ਰਹੇ ਹਨ।

# ਅਜ਼ਹਰ ਮਸੂਦ ਵੱਲੋਂ ਧਮਕੀ, ਰਾਮ ਮੰਦਰ ਬਣਿਆ ਤਾਂ ਦਿੱਲੀ ਤੋਂ ਕਾਬੁਲ ਤਕ ਤਬਾਹੀ ਹੋਵੇਗੀ



ਨਵੀਂ ਦਿੱਲੀ, 2 ਦਸੰਬਰ, (ਪੋਸਟ ਬਿਊਰੋ)- ਅਯੁੱਧਿਆ ਵਿੱਚ ਰਾਮ ਮੰਦਰ ਨੂੰ ਬਣਾਏ ਜਾਣ ਬਾਰੇ ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਆਗੂ ਮਸੂਦ ਅਜ਼ਹਰ ਨੇ ਧਮਕੀ ਦਿੱਤੀ ਹੈ ਕਿ ਭਾਰਤ ਵਿੱਚ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਰ ਬਣਾਇਆ ਗਿਆ ਤਾਂ ਦਿੱਲੀ ਤੋਂ ਕਾਬੁਲ ਤਕ ਮੁਸਲਮਾਨ ਬਦਲਾ ਲੈਣ ਲਈ ਤਿਆਰ ਹੋਣਗੇ।

ਆਪਣੀ 9 ਮਿੰਟ ਦੀ ਆਡੀਓ ਵਿਚ ਧਮਕੀ ਦਿੰਦੇ ਹੋਏ ਅਜ਼ਹਰ ਨੇ ਕਿਹਾ ਹੈ ਕਿ ਅਸੀਂ ਤਬਾਹੀ ਫੈਲਾਉਣ ਲਈ ਪੂਰੀ ਤਰ੍ਹਾਂ ਤਿਆਰ ਹਾਂ। ਉਸ ਨੇ ਦਾਅਵਾ ਕੀਤਾ ਹੈ ਕਿ ਕਾਬੁਲ ਅਤੇ ਜਲਾਲਾਬਾਦ ਵਿਖੇ ਭਾਰਤੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਮਸੂਦ ਨੇ ਆਡੀਓ ਵਿਚ ਕਿਹਾ ਹੈ ਕਿ ਬਾਬਰੀ ਮਸਜਿਦ ਢਾਹ ਕੇ ਉਥੇ ਅਸਥਾਈ ਮੰਦਰ ਬਣਾਇਆ ਗਿਆ ਹੈ, ਉਥੇ ਹਿੰਦੂ ਲੋਕ ਤ੍ਰਿਸ਼ੂਲਾਂ ਨਾਲ ਇਕੱਠੇ ਸੌਂ ਰਹੇ ਹਨ, ਮੁਸਲਮਾਨਾਂ ਨੂੰ ਡਰਾਇਆ ਜਾ ਰਿਹਾ ਹੈਂ, ਇਕ ਵਾਰ ਫਿਰ ਬਾਬਰੀ ਮਸਜਿਦ ਸਾਨੂੰ ਬੁਲਾ ਰਹੀ ਹੈ। ਉਸ ਨੇ ਕਿਹਾ ਹੈ ਕਿ ਅਸੀਂ ਬਾਬਰੀ ਮਸਜਿਦ ਉੱਤੇ ਨਜ਼ਰ ਰੱਖੀ ਹੋਈ ਹੈ, ਤੁਸੀਂ ਸਰਕਾਰੀ ਖਰਚ ਕਰਨ ਦੀ ਹਿੰਮਤ ਰੱਖਦੇ ਹੋ ਤਾਂ ਅਸੀਂ ਜਾਨ ਖਰਚ ਕਰਨ ਨੂੰ ਤਿਆਰ ਹਾਂ।

ਇਸ ਆਡੀਓ ਵਿਚ ਅਜ਼ਹਰ ਨੇ ਕਰਤਾਰਪੁਰ ਲਾਂਘੇ ਬਾਰੇ ਵੀ ਟਿੱਪਣੀ ਕੀਤੀ ਤੇ ਪਾਕਿਸਤਾਨ ਦੀ ਸਰਕਾਰ ਵੱਲੋਂ ਭਾਰਤ ਦੇ ਮੰਤਰੀਆਂ ਨੂੰ ਸੱਦਾ ਦਿਤੇ ਜਾਣ 'ਤੇ ਨਾਰਾਜਗੀ ਜ਼ਾਹਰ ਕੀਤੀ ਹੈ। ਆਡੀਓ ਵਿਚ ਮਸੂਦ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਕਿਹਾ ਹੈ ਕਿ ਉਹ ਇਹ ਸਭ ਕੁਝ ਚੋਣਾਂ ਲਈ ਕਰ ਰਿਹਾ ਹੈ।

# ਕੇਂਦਰ ਸਰਕਾਰ ਦੇ ਉੱਚ ਅਹੁਦਿਆਂ ਉੱਤੇ ਸਿਰਫ ਗੁਜਰਾਤ ਕੇਡਰ ਦੇ ਅਫਸਰਾਂ ਦਾ ਕਬਜ਼ਾ

ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਵਿੱਚ ਸਭ ਉੱਚ ਅਹੁਦਿਆਂ 'ਤੇ ਗੁਜਰਾਤ ਕੇਡਰ ਦੇ ਅਫਸਰਾਂ ਦਾ ਕਬਜ਼ਾ ਹੋ ਚੁੱਕਾ ਹੈ। ਇਸ ਕਾਰਨ ਮੁੱਖ ਵਿਰੋਧੀ ਪਾਰਟੀ ਕਾਂਗਰਸ ਤੇ ਉਸ ਦੀ ਸਹਿਯੋਗੀ ਪਾਰਟੀ ਤੇਲਗੂ ਦੇਸ਼ਮ ਦੇ ਨੇਤਾ ਚੰਦਰਬਾਬੂ ਨਾਇਡੂ ਕਾਫੀ ਨਾਰਾਜ਼ ਦਿਖਾਈ ਦੇ ਰਹੇ ਹਨ।

ਕਾਂਗਰਸ ਪਾਰਟੀ ਨੇ ਵਾਰ-ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਦੇ ਸਭ ਉਚ ਅਹੁਦਿਆਂ ਉਤੇ ਉਨ੍ਹਾਂ ਗੁਜਰਾਤ ਦੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਕੀਤੀਆਂ ਹੋਈਆਂ ਹਨ ਤਾਂ ਜੋ ਉਨ੍ਹਾਂ ਕੋਲੋਂ ਆਪਣੀ ਮਨਪਸੰਦ ਦੇ ਕੰਮ ਕਰਵਾਏ ਜਾ ਸਕਣ। ਨਾਇਡੂ ਦਾ ਕਹਿਣਾ ਹੈ ਕਿ ਗੁਜਰਾਤ ਛੋਟਾ ਜਿਹਾ ਸੂਬਾ ਹੈ, ਜਦ ਕਿ ਦਿੱਲੀ ਬਹੁਤ ਵੱਡੀ ਥਾਂ ਹੈ। ਦਿੱਲੀ ਨੂੰ ਦੇਸ਼ ਦੇ 29 ਸੂਬਿਆਂ ਨਾਲ ਸੰਪਰਕ ਕਰਨਾ ਪੈਂਦਾ ਹੈ। ਜੇ ਇੱਕ ਛੋਟੀ ਜਿਹੀ ਥਾਂ ਤੋਂ ਸਭ ਅਧਿਕਾਰੀ ਲਿਆ ਕੇ ਇੱਕ ਦਿੱਲੀ ਵਿਖੇ ਨਿਯੁਕਤ ਕਰ ਦਿੱਤਾ ਜਾਵੇ ਤਾਂ ਇਥੇ ਅਯੋਗ ਅਧਿਕਾਰੀਆਂ ਦੀ ਗਿਣਤੀ ਵੱਧ ਹੋ ਜਾਵੇਗੀ। ਦੇਸ਼ ਦੇ ਸਭ ਸੂਬਿਆਂ ਵਿੱਚ ਮਿਹਨਤੀ ਅਧਿਕਾਰੀ ਕੰਮ ਕਰ ਰਹੇ ਹਨ। ਇਸ ਲਈ ਕੇਂਦਰ ਨੂੰ ਚਾਹੀਦਾ ਹੈ ਕਿ ਸਭ ਸੂਬਿਆਂ ਤੋਂ ਅਧਿਕਾਰੀਆਂ ਨੂੰ ਲੈ ਕੇ ਦਿੱਲੀ ਵਿੱਚ ਕੰਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਗੁਜਰਾਤ ਕੇਡਰ ਦੇ ਅਫਸਰਾਂ ਦਾ ਕਬਜ਼ਾ ਹੋਣ ਨਾਲ ਚੰਗੇ ਰਾਜ ਪ੍ਰਬੰਧ 'ਤੇ ਅਸਰ ਪੈ ਰਿਹਾ ਹੈ।

ਚੰਦਰ ਬਾਬੂ ਨਾਇਡੂ ਨੇ ਕਿਹਾ ਕਿ ਮੋਦੀ ਸਰਕਾਰ ਸੰਵਿਧਾਨਕ ਅਦਾਰਿਆਂ ਅਤੇ ਏਜੰਸੀਆਂ ਨੂੰ ਖਤਮ ਕਰਨ ਉਤੇ ਲੱਗੀ ਹੋਈ ਹੈ। ਸਿਆਸੀ ਲਾਭ ਲਈ ਉਸ ਨੇ ਸੀ ਬੀ ਆਈ ਅਤੇ ਨਿਆਂ ਪਾਲਿਕਾ ਵਰਗੇ ਅਦਾਰਿਆਂ ਦੀ ਸ਼ਾਨ ਨੂੰ ਢਾਹ ਲਾਹੀ ਹੈ। ਦਿੱਲੀ ਵਿੱਚ ਸਾਰੇ ਗੁਜਰਾਤ ਕੇਡਰ ਦੇ ਅਯੋਗ ਅਧਿਕਾਰੀ ਹਨ। ਉਹ ਹੋਰ ਸੂਬਿਆਂ

# ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਹੁੱਡਾ ਤੇ ਕਾਂਗਰਸ ਦੇ ਖਜ਼ਾਨਚੀ ਵੋਰਾ ਖਿਲਾਫ਼ ਚਾਰਜਸ਼ੀਟ ਦਾਇਰ

ਪੰਚਕੂਲਾ, 2 ਦਸੰਬਰ, (ਪੋਸਟ ਬਿਊਰੋ)- ਐਸੋਸੀਏਟਿਡ ਜਰਨਲਜ਼ ਲਿਮਟਿਡ (ਏ ਜੇ ਐਲ) ਦੇ ਨਾਂਅ ਇਕ ਪਲਾਟ ਦੀ ਮੁੜ-ਅਲਾਟਮੈਂਟ ਦੇ ਕੇਸ ਵਿੱਚ ਵਿਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਏ ਜੇ ਐਲ ਦੇ ਇੱਕ ਸਾਬਕਾ ਚੇਅਰਮੈਨ ਤੇ ਕਾਂਗਰਸ ਆਗੂ ਮੋਤੀਲਾਲ ਵੋਰਾ ਖਿਲਾਫ਼ ਪੰਚਕੂਲਾ ਦੀ ਸੀ ਬੀ ਆਈ ਅਦਾਲਤ ਮੂਹਰੇ ਚਾਰਜਸ਼ੀਟ ਦਾਇਰ ਕਰ ਦਿੱਤੀ ਗਈ ਹੈ ਅਤੇ ਅੱਗੋਂ ਕਾਨੂੰਨੀ ਕਾਰਵਾਈ ਚੱਲੇਗੀ।

ਸੀ ਬੀ ਆਈ ਨੇ ਚਾਰਜਸ਼ੀਟ ਵਿਚ ਦੋਸ਼ ਲਾਇਆ ਕਿ 3360 ਵਰਗ ਮੀਟਰ ਦੇ ਪਲਾਟ ਦੀ ਅਲਾਟਮੈਂਟ ਦੋਬਾਰਾ ਹੋਣ ਨਾਲ ਸਰਕਾਰੀ ਖਜ਼ਾਨੇ ਨੂੰ 67 ਲੱਖ ਰੁਪਏ ਦਾ ਨੁਕਸਾਨ ਹੋਇਆ ਸੀ। ਦੋਸ਼ ਵੀ ਹੈ ਕਿ ਪਲਾਟ 1982 ਵਿਚ ਚੌਧਰੀ ਭਜਨ ਲਾਲ ਸਰਕਾਰ ਨੇ ਅਲਾਟ ਕੀਤਾ ਸੀ, ਜਿਸ ਉਤੇ 1992 ਤੱਕ ਉਸਾਰੀ ਨਹੀਂ ਕੀਤੀ ਗਈ, ਜਦ ਕਿ ਛੇ ਮਹੀਨਿਆਂ ਅੰਦਰ ਇਸ 'ਤੇ ਕੰਮ ਸ਼ੁਰੂ ਕਰਨਾ ਤੇ ਦੋ ਸਾਲਾਂ ਵਿੱਚ ਪੂਰਾ ਕਰਨਾ ਸੀ। ਇਸ ਪਿੱਛੋਂ ਹਰਿਆਣਾ ਸ਼ਹਿਰੀ ਵਿਕਾਸ ਏਜੰਸੀ (ਹੁੱਡਾ) ਨੇ ਪਲਾਟ ਦਾ ਮੁੜ ਕਬਜ਼ਾ ਲੈ ਲਿਆ ਸੀ। 14 ਮਾਰਚ 1998 ਨੂੰ ਕੰਪਨੀ ਵਲੋਂ ਆਬਿਦ ਹੁਸੈਨ ਨੇ ਚੇਅਰਮੈਨ ਨੂੰ ਪਲਾਟ ਦੀ ਅਲਾਟਮੈਂਟ ਬਹਾਲੀ ਦੀ ਅਪੀਲ ਕਰ ਦਿੱਤੀ ਅਤੇ 14 ਮਈ 2005 ਨੂੰ ਚੇਅਰਮੈਨ ਨੇ ਅਫਸਰਾਂ ਨੂੰ ਏ ਜੇ ਐਲ ਕੰਪਨੀ ਦੇ ਪਲਾਟ ਅਲਾਟਮੈਂਟ ਦੀ ਬਹਾਲੀ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਕਿਹਾ।

ਚਾਰਜਸ਼ੀਟ ਦੇ ਮੁਤਾਬਕ ਅਲਾਟਮੈਂਟ ਏਜੰਸੀ ਦੇ ਚੇਅਰਮੈਨ ਓਦੋਂ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁਡਾ ਨੇ ਨੇਮਾਂ ਦੀ ਉਲੰਘਣਾ ਕਰ ਕੇ ਇਹ ਪਲਾਟ 2005 ਵਿਚ ਏ ਜੇ ਐਲ ਨੂੰ ਮੂਲ ਦਰਾਂ ਉੱਤੇ ਫਿਰ ਦੇ ਦਿੱਤਾ ਸੀ। ਹਰਿਆਣਾ ਵਿਚਲੀ ਭਾਜਪਾ ਦੀ ਖੱਟਰ ਸਰਕਾਰ ਨੇ ਇਹ ਕੇਸ ਸੀ ਬੀ ਆਈ ਨੂੰ ਦਿੱਤਾ ਅਤੇ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਵੱਲੋਂ ਸ਼ਿਕਾਇਤ ਉੱਤੇ ਸੀ ਬੀ ਆਈ ਨੇ ਅਪਰੈਲ 2016 ਵਿਚ ਕੇਸ ਦਰਜ ਕੀਤਾ ਸੀ। ਇਸ ਬਾਰੇ ਮਈ 2016 ਵਿਚ ਸਟੇਟ ਵਿਜੀਲੈਂਸ ਬਿਊਰੋ, ਪੰਚਕੂਲਾ ਵਿਚ ਕੇਸ ਦਰਜ ਕਰ ਕੇ ਦੋਸ਼ ਲਾਇਆ ਗਿਆ ਕਿ ਨਵੀਂ ਦਿੱਲੀ ਦੀ ਪ੍ਰਾਈਵੇਟ ਕੰਪਨੀ ਨੂੰ ਹਿੰਦੀ ਅਖ਼ਬਾਰ 'ਨਵਜੀਵਨ' ਜਾਰੀ ਕਰਨ ਵਾਸਤੇ ਪਲਾਟ ਦਿੱਤਾ ਗਿਆ ਸੀ।

# ਅੰਨਾ ਹਜ਼ਾਰੇ ਨੇ 30 ਜਨਵਰੀ ਤੋਂ ਭੁੱਖ ਹੜਤਾਲ ਦੀ ਧਮਕੀ ਦਿੱਤੀ



ਮੁੰਬਈ, 2 ਦਸੰਬਰ (ਪੋਸਟ ਬਿਊਰੋ)- ਕਈ ਸੰਘਰਸ਼ ਲੜ ਚੁੱਕੇ ਪ੍ਰਸਿੱਧੀ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਕੱਲ੍ਹ ਕਿਹਾ ਕਿ ਭ੍ਰਿਸ਼ਟਾਚਾਰ ਵਿਰੋਧੀ ਚੌਕਸੀ ਲਈ ਲੋਕਪਾਲ ਦੀ ਨਿਯੁਕਤੀ ਨਾ ਹੋਣ ਉੱਤੇ ਉਹ ਆਪਣੇ ਪਿੰਡ ਵਿੱਚ ਹੀ 30 ਜਨਵਰੀ ਤੋਂ ਭੁੱਖ ਹੜਤਾਲ ਕਰਨਗੇ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦਫਤਰ ਵਿੱਚ ਰਾਜ ਮੰਤਰੀ ਜਤਿੰਦਰ ਸਿੰਘ ਨੂੰ ਲਿਖੇ ਪੱਤਰ ਵਿੱਚ ਐੱਨ ਡੀ ਏ ਸਰਕਾਰ ਉੱਤੇ ਕੇਂਦਰ ਅਤੇ ਰਾਜਾਂ ਵਿੱਚ ਲੋਕਪਾਲ ਦੀ ਨਿਯੁਕਤੀ ਨਾ ਕਰਨ ਲਈ ਬਹਾਨੇ ਬਣਾਉਣ ਦੇ ਲਈ ਦੋਸ਼ ਲਗਾਇਆ ਅਤੇ ਇਸ ਦੇ ਵਿਰੁੱਧ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ।

ਅੰਨਾ ਹਜ਼ਾਰੇ ਨੇ ਕਿਹਾ ਕਿ ਮੋਦੀ ਸਰਕਾਰ ਨੇ ਪਹਿਲਾਂ ਇਹ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਵਿੱਚ ਕੋਈ ਵਿਰੋਧੀ ਧਿਰ ਦਾ ਨੇਤਾ ਨਾ ਹੋਣ ਕਾਰਨ ਲੋਕਪਾਲ ਨਿਯੁਕਤ ਨਹੀਂ ਕੀਤਾ ਜਾ ਸਕਦਾ (ਜੋ ਨਿਯੁਕਤੀ ਪ੍ਰਕਿਰਿਆ ਦਾ ਹਿੱਸਾ ਹੈ) ਅਤੇ ਬਾਅਦ ਵਿੱਚ ਕਿਹਾ ਕਿ ਚੋਣ ਕਮੇਟੀ ਵਿੱਚ ਕੋਈ ਸਤਿਕਾਰ ਯੋਗ ਕਾਨੂੰਨਦਾਨ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਸ ਸਾਲ 23 ਮਾਰਚ ਨੂੰ ਰਾਮ ਲੀਲਾ ਮੈਦਾਨ ਵਿੱਚ ਭੁੱਖ ਹੜਤਾਲ ਉਤੇ ਬੈਠੇ ਤਾਂ ਪ੍ਰਧਾਨ ਮੰਤਰੀ ਦਫਤਰ ਦੇ ਉਨ੍ਹਾਂ ਦੀ ਮੰਗ ਪੂਰੀ ਕਰਨ ਦੇ ਲਿਖਤੀ ਵਿੱਚ ਭਰੋਸਾ ਦੇਣ ਮਗਰੋਂ ਉਨ੍ਹਾਂ ਨੇ ਹੜਤਾਲ ਖਤਮ ਕਰ ਦਿੱਤੀ ਸੀ। ਹਜ਼ਾਰੇ ਨੇ ਕਿਹਾ ਕਿ ਉਨ੍ਹਾਂ ਨੇ ਫਿਰ ਦੋ ਅਕਤੂਬਰ ਤੱਕ ਦਾ ਸਮਾਂ ਦਿੱਤਾ। ਉਨ੍ਹਾਂ ਨੇ ਲਿਖਿਆ, ਦੋ ਅਕਤੂਬਰ ਨੂੰ ਆਪਣੇ ਪਿੰਡ ਰਾਲੇਗਣ ਸਿੱਧੀ ਤੋਂ ਅੰਦੋਲਨ ਸ਼ੁਰੂ ਕਰਨਾ ਸੀ, ਪਰ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਤੇ ਹੋਰ ਨੇਤਾਵਾਂ ਨੇ ਫਿਰ ਭਰੋਸਾ ਦਿੱਤਾ ਕਿ ਲੋਕਪਾਲ ਤੇ ਲੋਕਪਾਲਾਂ ਦੀ ਨਿਯੁਕਤੀ ਦੀ ਪ੍ਰਕਿਰਿਆ ਆਖਰੀ ਪੜਾਅ ਵਿੱਚ ਹੈ। ਮੈਂ ਉਨ੍ਹਾਂ ਨੂੰ ਇੱਕ ਮੌਕਾ ਦੇਣ ਅਤੇ 30 ਜਨਵਰੀ ਤੱਕ ਇੰਤਜ਼ਾਰ ਕਰਨ ਦਾ ਮਨ ਬਣਾਇਆ ਹੈ। ਹਜ਼ਾਰੇ ਨੇ ਦੋਸ਼ ਲਾਇਆ ਕਿ ਇਹ ਸਪੱਸ਼ਟ ਤੌਰ 'ਤੇ ਮੌਜੂਦਾ ਸਰਕਾਰ ਦੀ ਇੱਛਾ ਲੋਕਪਾਲ ਅਤੇ ਲੋਕ ਆਯੁਕਤ ਨਿਯੁਕਤ ਕਰਨ ਦੀ ਨਹੀਂ ਹੈ।

# ਸਾਊਦੀ ਅਰਬ ਵਿੱਚ ਹਿਮਾਚਲ ਪ੍ਰਦੇਸ਼ ਦੇ 13 ਤੇ ਪੰਜਾਬ ਦਾ ਇਕ ਨੌਜਵਾਨ ਬੰਦੀ ਬਣਾ ਲਿਆ

ਸ਼ਿਮਲਾ, 2 ਦਸੰਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ 13 ਨੌਜਵਾਨਾਂ ਸਣੇ ਕੁੱਲ 14 ਭਾਰਤੀ ਲੋਕ ਸਾਊਦੀ ਅਰਬ ਵਿੱਚ ਫਸ ਗਏ ਹਨ। ਤਿੰਨ ਮਹੀਨਿਆਂ ਦਾ ਵੀਜ਼ਾ ਖਤਮ ਹੋਣ ਤੋਂ ਬਾਅਦ ਇਨ੍ਹਾਂ 14 ਨੌਜਵਾਨਾਂ ਨੂੰ ਕੰਪਨੀ ਨੇ ਬੰਦੀ ਬਣਾ ਕੇ ਰੱਖਿਆ ਹੋਇਆ ਹੈ। ਇਨ੍ਹਾਂ ਵਿੱਚੋਂ ਇਕ ਨੌਜਵਾਨ ਪੰਜਾਬ ਦਾ ਹੈ।

ਮਿਲੀ ਜਾਣਕਾਰੀ ਮੁਤਾਬਕ ਏਜੰਟ ਵੱਲੋਂ ਇਨ੍ਹਾਂ ਨੌਜਵਾਨਾਂ ਨੂੰ ਭਰੋਸਾ ਦਿੱਤਾ ਸੀ ਕਿ ਤਿੰਨ ਮਹੀਨਿਆਂ ਦੇ ਟੂਰਿਸਟ ਵੀਜ਼ੇ ਤੋਂ ਬਾਅਦ ਕੰਪਨੀ ਦਾ ਮਾਲਕ ਇਨ੍ਹਾਂ ਨੂੰ ਵਰਕ ਪਰਮਿਟ ਜਾਰੀ ਕਰਾਏਗਾ, ਪਰ ਵਰਕ ਵੀਜ਼ਾ ਨਹੀਂ ਬਣਵਾਇਆ ਗਿਆ ਅਤੇ ਇਹ ਸਾਰੇ ਉਥੇ ਕੰਪਨੀ 'ਚ ਫਸ ਗਏ ਹਨ। ਇਨ੍ਹਾਂ ਨੌਜਵਾਨਾਂ ਵਿੱਚੋਂ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲੇ ਦੇ ਸੁੰਦਰਨਗਰ ਤੋਂ 9 ਅਤੇ ਬੱਲ੍ਹ ਖੇਤਰ ਤੋਂ ਚਾਰ ਅਤੇ ਪੰਜਾਬ ਤੋਂ ਇਕ ਨੌਜਵਾਨ ਸ਼ਾਮਲ ਹੈ। ਇਨ੍ਹਾਂ ਦੇ ਪਰਵਾਰਕ ਮੈਂਬਰਾਂ ਨੇ ਸੁੰਦਰਨਗਰ ਪੁਲਸ ਨੂੰ ਸ਼ਿਕਾਇਤ ਕੀਤੀ ਅਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਦਦ ਦੀ ਅਪੀਲ ਕੀਤੀ ਹੈ। ਇਹ 14 ਨੌਜਵਾਨ ਚਾਰ ਮਹੀਨੇ ਪਹਿਲਾਂ ਸਾਊਦੀ ਅਰਬ 'ਚ ਰੋਜ਼ੀ ਰੋਟੀ ਕਮਾਉਣ ਲਈ ਗਏ ਸਨ।

# ਰਾਧੇ ਮਾਂ ਅਤੇ ਪਾਇਲਟ ਬਾਬਾ ਦੀ ਅਖਾੜੇ ਵਿੱਚ ਫਿਰ ਵਾਪਸੀ



ਪ੍ਰਯਾਗਰਾਜ, 2 ਦਸੰਬਰ (ਪੋਸਟ ਬਿਊਰੋ)- ਭਗਤਾਂ ਦੀ ਗੋਦ ਵਿੱਚ ਬੈਠਣ ਅਤੇ ਅਜੀਬੋ ਗਰੀਬ ਕੱਪੜੇ ਪਾਉਣ ਦੇ ਕਾਰਨ ਵਿਵਾਦਾਂ ਵਿੱਚ ਰਹਿਣ ਵਾਲੀ ਰਾਧੇ ਮਾਂ ਅਤੇ ਮਹਾਮੰਡਲੇਸ਼ਵਰ ਪ੍ਰੀਸ਼ਦ ਗਠਨ ਦੇ ਲਈ ਸਰਗਰਮ ਰਹਿਣ 'ਤੇ ਬਰਖਾਸਤ ਪਾਇਲਟ ਬਾਬਾ ਜੂਨਾ ਅਖਾੜਾ ਵਿੱਚ ਫਿਰ ਵਾਪਸ ਆ ਗਏ ਹਨ। ਜੂਨਾ ਅਖਾੜਾ ਨੇ ਲਿਖਤੀ ਮੁਆਫੀਨਾਮਾ ਦੇਣ ਉਤੇ ਦੋਵਾਂ ਦੀ ਸਸਪੈਨਸ਼ਨ ਵਾਪਸ ਲੈ ਲਈ ਹੈ। ਇਸ ਲਈ ਉਹ ਪ੍ਰਯਾਗ ਕੁੰਭ ਦਾ ਹਿੱਸਾ ਬਣ ਸਕਣਗੇ। ਦੋਵਾਂ ਦੀ ਮਹਾਮੰਡਲੇਸ਼ਵਰ ਪਦਵੀ ਵੀ ਵਾਪਸ ਕਰ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਪਾਇਲਟ ਬਾਬਾ ਨੂੰ ਜੂਨਾ ਅਖਾੜਾ ਕੁੰਭ ਵਿੱਚ ਜ਼ਮੀਨ ਦੇ ਰਿਹਾ ਹੈ ਅਤੇ ਰਾਧੇ ਮਾਂ ਨੂੰ ਸ਼ਾਹੀ ਇਸਨਾਨ ਵਿੱਚ ਆਉਣ ਦੀ ਛੋਟ ਦਿੱਤੀ ਗਈ ਹੈ। ਉਹ ਆਏ ਜਾਂ ਨਾ ਆਏ, ਇਹ ਉਸ ਦੀ ਮਰਜ਼ੀ 'ਤੇ ਹੈ, ਜੂਨਾ ਅਖਾੜਾ ਵੱਲੋਂ ਉਨ੍ਹਾਂ 'ਤੇ ਕੋਈ ਰੋਕ ਨਹੀਂ ਹੋਵੇਗੀ। ਰਾਧੇ ਮਾਂ ਜੂਨਾ ਅਖਾੜਾ ਦੇ ਜਗਤਗੁਰੂ ਪੰਚਾਨਨ ਗਿਰੀ ਦੀ ਚੇਲੀ ਹੈ। ਉਨ੍ਹਾਂ ਨੂੰ ਅਗਸਤ 2012 ਵਿੱਚ ਹਰਿਦੁ-ਆਰ ਦੇ ਮਾਇਆ ਮੰਦਰ ਵਿੱਚ ਮਹਾਮੰਡਲੇਸ਼ਵਰ ਪਦਵੀ ਦਾ ਅਭਿਸ਼ੇਕ ਕਰਾਇਆ ਸੀ, ਪਰ ਅਸ਼ਲੀਲ ਕੱਪੜੇ ਪਹਿਨਣ ਅਤੇ ਧਰਮ ਵਿਰੋਧੀ ਸਰਗਰਮੀਆਂ ਵਿੱਚ ਸ਼ਾਮਲ ਹੋਣ 'ਤੇ ਜੂਨਾ ਅਖਾੜਾ ਨੇ ਕੁੰਭ ਮੇਲਾ 2012 ਵਿੱਚ ਉਨ੍ਹਾਂ ਨੂੰ ਸਸਪੈਂਡ ਕਰ ਕੇ ਮਹਾਮੰਡਲੇਸ਼ਵਰ ਪਦਵੀ ਖੋਹ ਲਈ ਸੀ। ਇਸ ਦੇ ਕਾਰਨ ਉਹ ਪ੍ਰਯਾਗ ਕੁੰਭ ਦਾ ਹਿੱਸਾ ਨਹੀਂ ਬਣ ਸਕੀ।

# ਮਿੱਠੀਆਂ ਗੱਲਾਂ ਕਰ ਕੇ ਠੱਗਣੀਆਂ ਨੇ ਲੱਖਾਂ ਰੁਪਏ ਉਡਾਏ



ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਦੋ ਔਰਤਾਂ ਕੰਮ ਦੀ ਭਾਲ ਵਿੱਚ ਆਈਆਂ ਅਤੇ ਘਰ ਦੀ ਮਾਲਕ ਨੂੰ ਕਹਿਣ ਲੱਗੀਆਂ: ਦੀਦੀ ਤੁਸੀਂ ਸਾਡੀ ਸੈਲਰੀ ਬਾਅਦ 'ਚ ਤੈਅ ਕਰ ਲੈਣਾ, ਪਹਿਲਾਂ ਸਾਡੇ ਕੰਮ ਦਾ ਹੁਨਰ ਤਾਂ ਦੇਖ ਲਓ ਕਿ ਅਸੀਂ ਕਿੰਨਾ ਵਧੀਆ ਕੰਮ ਕਰਦੇ ਹਾਂ। ਭਾਂਡਿਆਂ ਨੂੰ ਇੰਝ ਚਮਕਾਵਾਂਗੇ ਕਿ ਤੁਸੀਂ ਆਪਣੀ ਤਸਵੀਰ ਦੇਖ ਸਕੋਗੇ। ਅਜਿਹੀਆਂ ਮਿੱਠੀਆਂ ਗੱਲਾਂ ਕਰ ਕੇ ਦੋ ਔਰਤਾਂ ਖੁਦ ਨੂੰ ਮੇਡ ਦੱਸਦੇ ਹੋਏ ਸਾਊਥ ਐਕਸਟੈਂਸ਼ਨ ਇਲਾਕੇ ਦੀ ਇੱਕ ਕੋਠੀ ਵਿੱਚ ਦਾਖਲ ਹੋ ਗਈਆਂ। ਇੱਕ ਔਰਤ ਰਸੋਈ ਵਿੱਚ ਭਾਂਡੇ ਸਾਫ ਕਰਨ ਲੱਗ ਗਈ ਅਤੇ ਦੂਜੀ ਨੇ ਸਫਾਈ ਕਰਨੀ ਸ਼ੁਰੂ ਕਰ ਦਿੱਤੀ। ਝਾੜੂ ਲਾਉਂਦੇ ਹੋਏ ਉਹ ਕੁਝ ਹੀ ਮਿੰਟ ਵਿੱਚ ਡਰਾਇੰਗ ਰੂਮ ਅਤੇ ਬੈੱਡਰੂਮ ਤੱਕ ਜਾ ਪਹੁੰਚੀ ਅਤੇ ਉਥੇ ਰੱਖੀ ਜਿਊਲਰੀ ਤੇ ਲਗਭਗ ਚਾਰ ਲੱਖ ਰੁਪਏ ਉੱਤੇ ਹੱਥ ਸਾਫ ਕਰ ਦਿੱਤਾ। ਉਸ ਸਮੇਂ ਘਰ ਵਿੱਚ ਅੱਠ ਜਣੇ ਸਨ, ਪਰ ਦੋਵੇਂ ਔਰਤਾਂ ਨੇ ਬਹੁਤ ਚਲਾਕੀ ਨਾਲ 10 ਮਿੰਟ ਦੇ ਅੰਦਰ ਲੱਖਾਂ ਦੀ ਜਿਊਲਰੀ ਅਤੇ ਕੈਸ਼ ਉਡਾ ਲਿਆ। ਇਸ ਤੋਂ ਬਾਅਦ ਇਹ ਕਹਿ ਕੇ ਘਰੋਂ ਚਲੀਆਂ ਗਈਆਂ ਕਿ ਗੁਆਂਢ ਵਾਲੀ ਆਂਟੀ ਦਾ ਧੰਨਵਾਦ ਕਰ ਕੇ ਆਉਂਦੀਆਂ ਹਾਂ ਕਿ ਸਾਨੂੰ ਕੰਮ ਮਿਲ ਗਿਆ ਹੈ। ਬਾਅਦ ਵਿੱਚ ਘਰ ਵਾਲਿਆਂ ਨੇ ਜਦੋਂ ਅਲਮਾਰੀ ਖੁੱਲ੍ਹੀ ਦੇਖੀ ਤਾਂ ਉਨ੍ਹਾਂ ਨੂੰ ਚੋਰੀ ਦਾ ਪਤਾ ਲੱਗਾ।

ਘਟਨਾ ਸਾਊਥ ਐਕਸਟੈਂਸ਼ਨ ਪਾਰਟ 1 ਦੇ ਸੀ ਬਲਾਕ ਦੀ ਕੋਠੀ ਵਿੱਚ ਮੰਗਲਵਾਰ ਸਵੇਰੇ ਵਾਪਰੀ। ਕੋਠੀ ਵਿੱਚ ਰਹਿਣ ਵਾਲੇ ਅਸ਼ੋਕ ਨੇ ਦੱਸਿਆ ਕਿ ਉਹ ਇੱਕ ਮਹੀਨਾ ਪਹਿਲਾਂ ਸ਼ਿਫਟ ਹੋਏ ਹਨ। ਉਨ੍ਹਾਂ ਨੇ ਮੇਡ ਲਈ ਗੁਆਂਢੀਆਂ ਨੂੰ ਵੀ ਕਿਹਾ ਹੋਇਆ ਸੀ। ਮੰਗਲਵਾਰ ਸਵੇਰੇ ਦੋ ਔਰਤਾਂ ਨੇ ਘਰ ਦੀ ਘੰਟੀ ਵਜਾਈ ਅਤੇ ਕੰਮ ਮੰਗਣ ਲੱਗੀਆਂ ਅਤੇ ਅਸੀਂ ਇਸ ਝਾਂਸੇ ਵਿੱਚ ਆ ਗਏ ਤੇ ਫਿਰ ਸਾਰਾ ਕੁਝ ਲੁੱਟਿਆ ਗਿਆ।

◆ Insurance ◆

Punjab Insurance Inc



- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor

416.452.7373

harpinderkaur@punjabinsurance.ca
www.punjabinsurance.ca

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446,ਅਜੀਤ ਸਿੰਘ ਉਰਨਾ 647-308-0360, ਇੰਦਰਜੀਤ ਸਿੰਘ ਗਿੱਲ 416-918-9459 ਨੂੰ ਸੰਪਰਕ ਕਰੋ ਜੀ।



BANKRUPTCY, PROPOSAL, R9.........
no problem!
we will fix your credit

TNG SUNRISE SERVICES INC.

Tarun Genda(Kumar)
Tel:905-781-5292
Cell: 416-305-1290

TNG

PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property

CREDIT REPAIR:
Fix your Credit, Bankruptcy, Proposal, Collections, R-9 and Late payments.

CREDIT CONSULTING:
We do Settlement, Filling Bankruptcy & Proposals

ACCOUNTING:
Tax File get Maximum refund for personal & Bussiness

email: tngservices1@hotmail.com

Golden gate plaza
100 Pertosa Drive, Suite 211
Brampton, ON. L6X 0H9






# ਬ੍ਰੈਗਜ਼ਿਟ ਦੇ ਰੋਸ ਵਜੋਂ ਬ੍ਰਿਟੇਨ ਦੇ ਇੱਕ ਹੋਰ ਮੰਤਰੀ ਦਾ ਅਸਤੀਫਾ



ਲੰਡਨ, 2 ਦਸੰਬਰ (ਪੋਸਟ ਬਿਊਰੋ)- ਬ੍ਰੈਗਜ਼ਿਟ ਮੁੱਦੇ 'ਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਥੈਰੇਸਾ ਮੇ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਪ੍ਰਸਤਾਵਤ ਬ੍ਰੈਗਜ਼ਿਟ ਸਮਝੌਤੇ ਦੇ ਵਿਰੋਧ ਵਿੱਚ ਥੈਰੇਸਾ ਸਰਕਾਰ 'ਚ ਵਿਗਿਆਨ ਤੇ ਯੂਨੀਵਰਸਿਟੀਆਂ ਬਾਰੇ ਮੰਤਰੀ ਸੈਮ ਗਿਮਾਹ ਨੇ ਅਸਤੀਫਾ ਦੇ ਦਿੱਤਾ ਹੈ। ਉਸ ਨੂੰ ਮਿਲਾ ਕੇ ਕੁੱਲ ਸੱਤ ਮੰਤਰੀ ਅਸਤੀਫਾ ਦੇ ਚੁੱਕੇ ਹਨ। ਸਾਲ 2016 'ਚ ਗਿਮਾਹ ਨੇ ਬ੍ਰਿਟੇਨ ਦੇ ਯੂਰਪੀ ਯੂਨੀਅਨ (ਈ ਯੂ) ਵਿੱਚ ਰਹਿਣ ਦੀ ਮੁਹਿੰਮ ਚਲਾਈ ਸੀ।

ਗਿਮਾਹ ਨੇ ਅਸਤੀਫੇ ਵਿੱਚ ਲਿਖਿਆ, ਬ੍ਰੈਗਜ਼ਿਟ ਸਮਝੌਤਾ ਬ੍ਰਿਟੇਨ ਦੇ ਹਿੱਤ ਵਿੱਚ ਨਹੀਂ। ਇਸ ਸਮਝੌਤੇ ਦੇ ਪੱਖ ਵਿੱਚ ਵੋਟ ਦੇਣਾ ਦੇਸ਼ ਨੂੰ ਅਸਫਲਤਾ ਵੱਲ ਲਿਜਾਣਾ ਹੈ। ਇਹ ਬ੍ਰਿਟੇਨ ਨੂੰ ਨਿਯਮ ਨਿਰਮ-ਾਤਾ ਦੇ ਬਦਲੇ ਸਿਰਫ ਨਿਯਮ ਪਾਲਣ ਕਰਨ ਵਾਲਾ ਦੇਸ਼ ਬਣਾ ਦੇਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਈ ਯੂ ਤੋਂ ਬਾਹਰ ਨਿਕਲਣ 'ਤੇ ਦੁਬਾਰਾ ਵਿਚਾਰ ਕਰਨ ਦੀ ਜ਼ਰੂਰਤ ਹੈ। ਬ੍ਰੈਗਜ਼ਿਟ ਨੂੰ ਲੈ ਕੇ ਸਾਨੂੰ ਫਿਰ ਤੋਂ ਰਾਏਸ਼ੁਮਾਰੀ ਕਰਨੀ ਚਾਹੀਦੀ ਹੈ। ਗਿਮਾਹ ਨੇ ਕਿਹਾ ਕਿ ਬ੍ਰੈਗਜ਼ਿਟ ਤੋਂ ਬਾਅਦ ਅਸੀਂ ਈ ਯੂ ਦੇ ਜੀ ਪੀ ਐੱਸ ਯਾਨੀ ਗੈਲੀਲਿਓ ਦਾ ਇਸਤੇਮਾਲ ਨਹੀਂ ਕਰ ਸਕਾਂਗੇ, ਜਦ ਕਿ ਇਸ ਵਿੱਚ 150 ਕਰੋੜ ਡਾਲਰ (ਕਰੀਬ 10 ਹਜ਼ਾਰ ਕਰੋੜ ਰੁਪਏ) ਦਾ ਨਿਵੇਸ਼ ਕੀਤਾ ਗਿਆ ਹੈ। ਜੀ-20 ਬੈਠਕ ਲਈ ਅਰਜਨਟੀਨਾ ਗਈ ਥੈਰੇਸਾ ਮੇ ਦੇ ਹੌਸਲੇ ਅਤੇ ਦ੍ਰਿੜ੍ਹਤਾ ਦੀ ਗਿਮਾਹ ਨੇ ਤਾਰੀਫ ਵੀ ਕੀਤੀ।

ਪਿਛਲੇ ਹਫਤੇ ਈ ਯੂ ਤੋਂ ਇਸ ਸਮਝੌਤੇ ਨੂੰ ਮਨਜ਼ੂਰੀ ਮਿਲ ਗਈ ਸੀ। ਸਮਝੌਤੇ ਨੂੰ ਲੈ ਕੇ ਆਪਣੇ ਹੀ ਸੰਸਦ ਮੈਂਬਰਾਂ ਦਾ ਵਿਰੋਧ ਝੱਲ ਰਹੀ ਥੈਰੇਸਾ ਲਈ ਇਸ ਸਮਝੌਤੇ ਨੂੰ ਪਾਰਲੀਮੈਂਟ ਤੋਂ ਮਨਜ਼ੂਰੀ ਦਿਵਾਉਣਾ ਟੇਢੀ ਖੀਰ ਹੈ। ਬ੍ਰੈਗਜ਼ਿਟ ਦੀ ਤਰੀਕ ਅਗਲੇ ਸਾਲ 29 ਮਾਰਚ ਤੈਅ ਹੈ।

# ਐੱਚ 1 ਬੀ ਵੀਜ਼ਾ ਸ਼ਰਤਾਂ ਬਦਲਣ ਦੀ ਤਿਆਰੀ ਵਿੱਚ ਅਮਰੀਕਾ




ਵਾਸ਼ਿੰਗਟਨ, 2 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਵਿਦਿਅਕ ਅਦਾਰਿਆਂ ਤੋਂ ਪੋਸਟ ਗ੍ਰੈਜੂਏਟ ਤੇ ਇਸ ਤੋਂ ਉਪਰ ਸਿਖਿਆ ਲੈਣ ਵਾਲਿਆਂ ਲਈ ਐੱਚ1 ਬੀ ਵੀਜ਼ਾ ਦਾ ਰਾਹ ਸੌਖਾ ਹੋਣ ਲੱਗਾ ਹੈ। ਰਾਸ਼ਟਰਪਤੀ ਟਰੰਪ ਦੀ ਅਗਵਾਈ ਵਿੱਚ ਅਮਰੀਕੀ ਪ੍ਰਸ਼ਾਸਨ ਨੇ ਵੀਜ਼ਾ ਸ਼ਰਤਾਂ ਵਿੱਚ ਬਦਲਾਅ ਦਾ ਪ੍ਰਸਤਾਵ ਦਿੱਤਾ ਹੈ। ਇਸ ਨਾਲ ਹੁਨਰਮੰਦ ਤੇ ਉਚ ਸਿਖਿਆ ਪ੍ਰਾਪਤ ਲੋਕਾਂ ਨੂੰ ਜ਼ਿਆਦਾ ਮੌਕਾ ਮਿਲ ਸਕੇਗਾ। ਅਮਰੀਕਾ ਦੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ ਐੱਚ ਐੱਸ) ਨੇ ਇਹ ਗੱਲ ਕਹੀ।

ਐੱਚ1 ਬੀ ਵੀਜ਼ਾ ਇੱਕ ਨਾਨ ਰੈਜ਼ੀਡੈਂਟ ਵੀਜ਼ਾ ਹੈ, ਜੋ ਅਮਰੀਕਾ ਵਿੱਚ ਕੰਮ ਕਰਦੀਆਂ ਕੰਪਨੀਆਂ ਨੂੰ ਵਿਦੇਸ਼ੀ ਮੁਲਾਜ਼ਮਾਂ ਨੂੰ ਨੌਕਰੀ ਉੱਤੇ ਰੱਖਣ ਦੀ ਖੁੱਲ੍ਹ ਦਿੰਦਾ ਹੈ। ਅਮਰੀਕਾ ਵਿੱਚ ਟੈਕ ਕੰਪਨੀਆਂ ਹਰ ਸਾਲ ਇਸੇ ਵੀਜ਼ਾ ਮੁਲਾਜ਼ਮਾਂ ਨੂੰ ਆਪਣੇ ਕੋਲ ਨਿਯੁਕਤੀ ਦਿੰਦੀਆਂ ਹਨ। ਹਰ ਵਰ੍ਹੇ 'ਚ ਇਸ ਸ਼੍ਰੇਣੀ ਲਈ 65,000 ਵੀਜ਼ਾ ਜਾਰੀ ਕੀਤੇ ਜਾਂਦੇ ਹਨ। ਅਮਰੀਕੀ ਸੰਸਥਾਨਾਂ ਤੋਂ ਮਾਸਟਰ ਡਿਗਰੀ ਜਾਂ ਇਸ ਤੋਂ ਉੱਚ ਸਿਖਿਆ ਪ੍ਰਾਪਤ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀਆਂ ਪਹਿਲੀਆਂ 20 ਹਜ਼ਾਰ ਅਰਜ਼ੀਆਂ ਨੂੰ ਇਸ ਤੋਂ ਬਾਹਰ ਰੱਖਿਆ ਜਾਂਦਾ ਹੈ। ਨਵੇਂ ਮਤੇ ਵਿੱਚ ਇਹ ਨਿਯਮ ਬਦਲਣ ਦੀ ਗੱਲ ਹੈ। ਇਸ ਦੇ ਤਹਿਤ ਪਹਿਲਾਂ ਸਾਰੀਆਂ ਅਰਜ਼ੀਆਂ ਨੂੰ 65 ਹਜ਼ਾਰ ਦੀ ਹੱਦ 'ਚ ਰੱਖਿਆ ਜਾਵੇਗਾ। ਇਹ ਹੱਦ ਪੂਰੀ ਹੋਣ ਤੋਂ ਬਾਅਦ 20 ਹਜ਼ਾਰ ਵਾਲੀ ਹੱਦ ਪੂਰੀ ਕੀਤੀ ਜਾਵੇਗੀ। ਅਜਿਹਾ ਹੋਣ ਨਾਲ ਅਮਰੀਕੀ ਸੰਸਥਾਨਾਂ ਤੋਂ ਉਚ ਸਿਖਿਆ ਹਾਸਲ ਕਰਨ ਵਾਲੇ ਲੋਕਾਂ ਲਈ ਮੌਕਾ ਵਧ ਜਾਵੇਗਾ। ਡੀ ਐੱਚ ਐੱਸ ਦਾ ਅੰਦਾਜ਼ਾ ਹੈ ਕਿ ਨਿਯਮਾਂ ਬਦਲਣ ਨਾਲ ਅਮਰੀਕੀ ਸੰਸਥਾਨਾਂ ਤੋਂ ਉੱਚ ਸਿਖਿਆ ਪਾਉਣ ਵਾਲੇ ਕਰੀਬ 5340 ਵਾਧੂ ਵਿਦੇਸ਼ੀ ਵਿਦਿਆਰਥੀਆਂ ਨੂੰ ਫਾਇਦਾ ਹੋਵੇਗਾ। ਨਵੇਂ ਨਿਯਮਾਂ ਤਹਿਤ ਕੰਪਨੀਆਂ ਨੂੰ ਬਿਨੈ ਲਈ ਪਹਿਲਾਂ ਯੂ ਐੱਸ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਸਰਵਿਸਿਜ਼ (ਯੂ ਐੱਸ ਸੀ ਆਈ ਐੱਸ) 'ਤੇ ਆਨਲਾਈਨ ਰਜਿਸਟਰੇਸ਼ਨ ਕਰਵਾਉਣੀ ਪਵੇਗੀ।

ਇਸ ਦੌਰਾਨ ਪਤਾ ਲੱਗਾ ਹੈ ਕਿ 2014 ਤੋਂ ਪਿੱਛੋਂ 20 ਹਜ਼ਾਰ ਤੋਂ ਵੱਧ ਭਾਰਤੀਆਂ ਨੇ ਅਮਰੀਕਾ ਦੀ ਸ਼ਰਨ ਮੰਗੀ ਹੈ। ਬੀਤੇ ਦੋ ਸਾਲਾਂ 'ਚ ਇਥੇ ਸ਼ਰਨ ਮੰਗਣ ਵਾਲੇ ਭਾਰਤੀਆਂ ਦੀ ਗਿਣਤੀ ਲਗਭਗ ਦੁੱਗਣੀ ਹੋ ਗਈ ਹੈ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਵੱਲੋਂ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਐੱਨ ਏ ਪੀ ਏ) ਨੂੰ ਦਿੱਤੇ ਅੰਕੜਿਆਂ ਵਿੱਚ ਇਹ ਗੱਲ ਸਾਹਮਣੇ ਆਈ ਹੈ। ਕੈਲੀਫੋਰਨੀਆ ਸਥਿਤ ਐੱਨ ਏ ਪੀ ਏ ਪੰਜਾਬ ਤੋਂ ਇਥੇ ਆਏ ਗੈਰ ਕਾਨੂੰਨੀ ਅਪ੍ਰਵਾਸੀਆਂ ਲਈ ਕੰਮ ਕਰਦੀ ਹੈ। ਐਸੋਸੀਏਸ਼ਨ ਨੂੰ ਮਿਲੇ ਅੰਕੜਿਆਂ ਮੁਤਾਬਕ ਇਕੱਲੇ ਇਸ ਸਾਲ ਦੀ ਜੁਲਾਈ ਤੱਕ 7214 ਭਾਰਤੀਆਂ ਨੇ ਸ਼ਰਨ ਮੰਗਣ ਲਈ ਬਿਨੈ ਕੀਤਾ ਸੀ। ਇਨ੍ਹਾਂ 'ਚੋਂ 296 ਔਰਤਾਂ ਹਨ। 2014 'ਚ 146 ਔਰਤਾਂ ਸਮੇਤ 2306 ਭਾਰਤੀਆਂ ਨੇ ਬਿਨੈ ਕੀਤਾ ਸੀ। ਜਦ ਕਿ 2015 'ਚ 96 ਔਰਤਾਂ ਸਮੇਤ 2971 ਭਾਰਤੀਆਂ ਨੇ ਅਮਰੀਕਾ ਵਿੱਚ ਸ਼ਰਨ ਮੰਗੀ ਸੀ। ਐੱਨ ਏ ਪੀ ਏ ਦੇ ਐੱਮ ਡੀ ਸਤਨਾਮ ਸਿੰਘ ਚਾਹਲ ਨੇ ਕਿਹਾ, ਅਮਰੀਕਾ ਵਿੱਚ ਨਿਵਾਸ ਲਈ ਸ਼ਰਨ ਮੰਗ ਰਹੇ ਭਾਰਤੀਆਂ ਦੀ ਵਧਦੀ ਗਿਣਤੀ ਸਾਡੇ ਲਈ ਚਿੰਤਾ ਦਾ ਕਾਰਨ ਹੈ।

# ਪਾਕਿ ਸੂਚਨਾ ਮੰਤਰੀ ਨੇ ਹਾਫਿਜ਼ ਸਈਦ ਦੀ ਤੁਲਨਾ ਅਜੀਤ ਡੋਭਾਲ ਨਾਲ ਕਰ ਦਿੱਤੀ

ਅੰਮ੍ਰਿਤਸਰ, 2 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਫਵਾਦ ਚੌਧਰੀ ਨੇ ਮੁੰਬਈ ਵਿੱਚ 2008 ਵਿੱਚ ਹੋਏ ਦਹਿਸ਼ਤਗਰਦ ਹਮਲੇ ਦੇ ਮੁੱਖ ਸਾਜ਼ਿਸ਼ੀਏ ਤੇ ਦਹਿਸ਼ਤੀ ਸੰਗਠਨ ਜਮਾਤ ਉਦ ਦਾਵਾ ਦੇ ਆਗੂ ਹਾਫਿਜ਼ ਮੁਹੰਮਦ ਸਈਦ ਦੀ ਤੁਲਨਾ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨਾਲ ਕੀਤੀ ਹੈ।

ਜਦੋਂ ਇੱਕ ਭਾਰਤੀ ਨਿਊਜ਼ ਚੈਨਲ ਨੇ ਫਵਾਦ ਚੌਧਰੀ ਨਾਲ ਹਾਫਿਜ਼ ਸਈਦ ਦੀਆਂ ਭਾਰਤ ਵਿਰੋਧੀ ਅੱਤਵਾਦੀ ਗਤੀਵਿਧੀਆਂ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਇਸ ਦਾ ਖੰਡਨ ਕਰਦੇ ਹੋਏ ਕਿਹਾ ਕਿ ਪਾਕਿਸਤਾਨ ਸਰਾਕਰ ਅਤੇ ਯੂ ਐਨ ਸਕਿਓਰਿਟੀ ਕੌਂਸਲ ਵੱਲੋਂ ਲਏ ਗਏ ਫੈਸਲੇ ਦੇ ਚਲਦਿਆਂ ਸਈਦ ਦੇ ਸੰਗਠਨਾਂ 'ਤੇ ਅੱਤਵਾਦ ਵਿਰੋਧੀ ਕਾਨੂੰਨ 1997 ਦੇ ਅਧੀਨ ਪਾਬੰਦੀ ਲਗਾਈ ਗਈ ਹੈ। ਜਦੋਂ ਚੌਧਰੀ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਮੌਜੂਦਾ ਸਰਕਾਰ ਨੇ ਹਾਫਿਜ਼ ਸਈਦ ਦੇ ਸੰਗਠਨ ਜਮਾਤ-ਉਦ-ਦਾਵਾ ਅਤੇ ਉਸ ਦੇ ਸਹਿਯੋਗੀ ਸੰਗਠਨ ਫਲਾਹ-ਏ-ਇਨਸਾਨੀਅਤ ਫਾਊਂਡੇਸ਼ਨ ਨੂੰ ਪਾਬੰਦੀਸ਼ੁਦਾ ਸੰਗਠਨਾਂ ਦੀ ਸੂਚਨਾ ਦੀ ਸੂਚੀ 'ਚੋਂ ਬਾਹਰ ਕਰ ਕੇ ਉਸ 'ਤੇ ਲਗਾਈਆਂ ਪਾਬੰਦੀਆਂ ਨੂੰ ਹਟਾ ਦਿੱਤਾ ਹੈ ਤਾਂ ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਉਕਤ ਸੰਗਠਨਾਂ ਵਿਰੁੱਧ ਪੂਰੀ ਸਖਤੀ ਵਰਤੀ ਜਾ ਰਹੀ ਹੈ। ਇਸ ਪਿੱਛੋਂ ਜਦੋਂ ਸੂਚਨਾ ਮੰਤਰੀ ਤੋਂ ਇਹ ਪੁੱਛਿਆ ਗਿਆ ਕਿ ਜਦੋਂ ਇਹ ਸਾਫ ਹੋ ਚੁੱਕਿਆ ਹੈ ਕਿ ਮੁੰਬਈ ਵਿੱਚ ਸਿੱਧੇ ਤੌਰ 'ਤੇ ਹਾਫਿਜ਼ ਸਈਦ ਦਾ ਹੱਥ ਸੀ ਤਾਂ ਕੀ ਪਾਕਿ ਸਰਕਾਰ ਭਾਰਤ ਦੇ ਲੋੜੀਂਦੇ ਅੱਤਵਾਦੀਆਂ ਦੀ ਸੂਚੀ ਵਿੱਚ ਸ਼ਾਮਲ ਇਹ ਅਪਰਾਧੀ ਭਾਰਤ ਨੂੰ ਸੌਂਪੇਗੀ। ਇਸ 'ਤੇ ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਭਾਰਤ ਸਰਕਾਰ ਅਜੀਤ ਡੋਭਾਲ ਪਾਕਿ-ਸਤਾਨ ਨੂੰ ਸੌਂਪੇ।

# ਮੈਰੀਏਟ ਹੋਟਲ ਦੇ 50 ਕਰੋੜ ਮਹਿਮਾਨਾਂ ਦਾ ਡਾਟਾ ਲੀਕ



ਲੰਡਨ, 2 ਦਸੰਬਰ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਫੈਲਿਆ ਮੈਰੀਏਟ ਹੋਟਲ ਸਾਮਰਾਜ ਅੱਜ ਤੱਕ ਦੀ ਸਭ ਤੋਂ ਵੱਡੀ ਹੈਕਿੰਗ ਦਾ ਸ਼ਿਕਾਰ ਹੋਇਆ ਹੈ। ਇਸ ਨਾਲ ਦੁਨੀਆ ਭਰ ਦੇ ਮੈਰੀਏਟ ਹੋਟਲਚੇਨ ਦੇ 50 ਕਰੋੜ ਮਹਿਮਾਨਾਂ ਦੇ ਡਾਟਾ ਲੀਕ ਹੋਏ ਹਨ। ਕੰਪਨੀ ਨੇ ਦੱਸਿਆ ਕਿ ਇਹ ਹੈਕਿੰਗ ਸਾਲ 2013 ਤੋਂ ਹੋ ਰਹੀ ਹੈ, ਜਿਸ ਵਿੱਚ ਉਨ੍ਹਾਂ ਦੇ ਲਗਭਗ 50 ਕਰੋੜ ਮਹਿਮਾਨਾਂ ਦੇ ਪਾਸਪੋਰਟ, ਜਨਮ ਤਰੀਕ ਆਦਿ ਕਈ ਜਾਣਕਾਰੀਆਂ ਲੀਕ ਹੋਈਆਂ ਹਨ।

ਹੈਕਿੰਗ ਦੀ ਖਬਰ ਆਉਣ ਮਗਰੋਂ ਮੈਰੀਏਟ ਦੇ ਸ਼ੇਅਰਾਂ ਵਿੱਚ 5.6 ਫੀਸਦੀ ਗਿਰਾਵਟ ਦਰਜ ਹੋਈ ਹੈ। ਮੈਰੀਏਟ ਹੋਟਲਸ ਦੇ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਹੈਕਿੰਗ ਬਾਰੇ ਅੱਠ ਸਤੰਬਰ ਨੂੰ ਸਾਵਧਾਨ ਕਰਦਿਆਂ ਦੱਸਿਆ ਗਿਆ ਕਿ ਉਨ੍ਹਾਂ ਦੇ ਯੂਨਾਈਟਿਡ ਸਟੇਟਸ ਦੇ ਡਾਟਾ ਬੇਸ ਨੂੰ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਬਾਰੇ 19 ਨਵੰਬਰ ਨੂੰ ਇੱਕ ਹੋਰ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਮੈਰੀਏਟ ਦੇ ਸਟਾਰਵੁਡ ਨੈਟਵਰਕਸ ਦੇ ਹੋਟਲਾਂ ਵਿੱਚ ਸਾਲ 2013 ਤੋਂ ਮਹਿਮਾਨਾਂ ਦੇ ਡਾਟਾ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਨਾਲ ਵੱਡੇ ਪੱਧਰ 'ਤੇ ਪ੍ਰਸਨਲ ਅਤੇ ਫਾਈਨਾਂਸ਼ੀਅਲ ਡਾਟਾ ਦੇ ਲੀਕ ਹੋਣ ਦੀ ਖਬਰ ਹੈ।

ਵਰਨਣ ਯੋਗ ਹੈ ਕਿ ਮੈਰੀਏਟ ਹੋਟਲਸ ਨੇ ਸਾਲ 2016 ਵਿੱਚ 13.6 ਬਿਲੀਅਨ ਡਾਲਰ ਦੀ ਡੀਲ ਨਾਲ ਹੀ ਸਟਾਰਵੁਡ ਹੋਟਲਸ ਨੂੰ ਟੇਕਓਵਰ ਕੀਤਾ ਸੀ। ਹਾਲੇ ਤੱਕ ਹੋਈ ਜਾਂਚ ਤੋਂ ਇਸ ਗੱਲ ਦੀ ਪੁਸ਼ਟੀ ਹੋ ਚੁੱਕੀ ਹੈ ਕਿ ਮੈਰੀਏਟ ਇੰਟਰਨੈਸ਼ਨਲ ਹੋਟਲਸ ਦੇ ਤਿੰਨ ਕਰੋੜ 27 ਲੱਖ ਮਹਿਮਾਨਾਂ ਦਾ ਨਾਂਅ, ਪਤਾ, ਪਾਸਪੋਰਟ ਨੰਬਰ ਹੈਕਿੰਗ ਦਾ ਸ਼ਿਕਾਰ ਹੋ ਚੁੱਕੇ ਹਨ। ਇੰਨਾ ਹੀ ਨਹੀਂ, ਦੱਸਿਆ ਜਾ ਰਿਹਾ ਹੈ ਕਿ ਹੈਕਰਸ ਕੁਝ ਮਹਿਮਾਨਾਂ ਦੇ ਇਨਕ੍ਰਿਪਟਿਡ ਕ੍ਰੈਡਿਟ ਕਾਰਡ ਨੂੰ ਵੀ ਐਕਸੈਸ ਕਰਨ ਵਿੱਚ ਸਫਲ ਰਹੇ ਹਨ। ਹੈਕਿੰਗ ਨਾਲ ਹੋਏ ਨੁਕਸਾਨ ਬਾਰੇ ਮੈਰੀਏਟ ਨੂੰ ਅਜੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ। ਉਂਜ ਮੈਰੀਏਟ ਨੇ ਮੰਨਿਆ ਕਿ ਕੰਪਨੀ ਦੀ ਸਾਇਬਰ ਇੰਸ਼ੋਰੈਂਸ ਪਾਲਿਸੀ ਕੁਝ ਹੱਦ ਤੱਕ ਇਸ ਨੁਕਸਾਨ ਨੂੰ ਕਵਰ ਕਰਨ ਵਿੱਚ ਮਦਦ ਕਰੇਗੀ। ਮੈਰੀਏਟ ਇੰਟਰਨੈਸ਼ਨਲ ਹੋਟਲਸ ਵਿੱਚ ਕੀਤੀ ਗਈ ਇਹ ਹੈਕਿੰਗ ਹਾਲ ਵਿੱਚ ਹੋਈਆਂ ਸਭ ਤੋਂ ਵੱਡੀਆਂ ਹੈਕਿੰਗਸ ਵਿੱਚੋਂ ਇੱਕ ਹੈ, ਜਿਸ ਵਿੱਚ ਲੋਕਾਂ ਦਾ ਪ੍ਰਸਨਲ ਡਾਟਾ ਲੀਕ ਹੋਇਆ ਹੈ। ਇਸ ਤੋਂ ਪਹਿਲਾਂ ਸਾਲ 2013-14 ਵਿੱਚ ਯਾਹੂ ਦੇ 300 ਕਰੋੜ ਯੂਜ਼ਰਜ਼ ਦਾ ਡਾਟਾ ਹੈਕਿੰਗ ਦਾ ਸ਼ਿਕਾਰ ਹੋਇਆ ਸੀ।

# ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਦਾ ਦੇਹਾਂਤ



ਹਿਊਸਟਨ, 2 ਦਸੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੌਰਜ ਡਬਲਯੂ ਬੁਸ਼ ਦਾ 94 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਹੈ। ਉਨ੍ਹਾ ਦਾ ਪੁੱਤਰ ਵੀ ਬਾਅਦ ਵਿੱਚ ਰਾਸ਼ਟਰਪਤੀ ਬਣਿਆ ਸੀ।

ਜਾਰਜ ਬੁੱਸ਼ ਦੇ ਪੁੱਤਰ ਜੌਰਜ ਬੁਸ਼ ਜੂਨੀਅਰ, ਜਿਹੜੇ ਬਾਅਦ ਵਿੱਚ ਅਮਰੀਕਾ ਦੇ 43ਵੇਂ ਰਾਸ਼ਟਰਪਤੀ ਬਣੇ ਸਨ, ਨੇ ਇਕ ਬਿਆਨ ਵਿਚ ਕਿਹਾ, 'ਜੈਬ, ਨੀਲ, ਮਾਰਵਿਨ, ਡੋਰੋ ਤੇ ਮੈਂ ਦੁਖੀ ਮਨ ਨਾਲ ਐਲਾਨ ਕਰਦੇ ਹਾਂ ਕਿ 94 ਸਾਲਾਂ ਦੀ ਉਮਰ ਸ਼ਾਨਦਾਰ ਢੰਗ ਨਾਲ ਬਿਤਾਉਣ ਪਿੱਛੋਂ ਸਾਡੇ ਪਿਆਰੇ ਪਿਤਾ ਦਾ ਦੇਹਾਂਤ ਹੋ ਗਿਆ ਹੈ।' ਅੱਠ ਮਹੀਨੇ ਪਹਿਲਾਂ ਉਨ੍ਹਾਂ ਦੀ ਪਤਨੀ ਬਾਰਬਰਾ ਬੁਸ਼ ਦਾ 73 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ।

ਮਰਹੂਮ ਰਾਸ਼ਟਰਪਤੀ ਬੁਸ਼ ਪਾਰਕਿਨ-ਸਨ ਦੀ ਬਿਮਾਰੀ ਤੋਂ ਪੀੜਤ ਹੋਣ ਕਰ ਕੇ ਕਈ ਸਾਲਾਂ ਤੋਂ ਵੀਲ੍ਹਚੇਅਰ ਉੱਤੇ ਸਨ। ਬੀਤੀ 23 ਅਪਰੈਲ ਨੂੰ ਖ਼ੂਨ ਦੀ ਇਨਫੈਕਸ਼ਨ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕੀਤਾ ਗਿਆ ਤੇ ਮਈ ਵਿਚ ਘੱਟ ਬਲੱਡ ਪ੍ਰੈਸ਼ਰ ਤੇ ਥਕਾਵਟ ਕਾਰਨ ਫਿਰ ਹਸਪਤਾਲ ਜਾਣਾ ਪਿਆ ਸੀ।

# ਇਟਲੀ ਦੀਆਂ ਟੈਲੀਕਾਮ ਕੰਪਨੀਆਂ ਨੂੰ 24 ਲੱਖ ਯੂਰੋ ਜੁਰਮਾਨਾ

